hamdardtvcanada | @hamdardmediagroup | ads@hamdardtv.ca
24 ਘੰਟੇ 7 ਦਿਨ ਹਮਦਰਦ ਟੀ.ਵੀ. ਵੇਖਣ ਲਈ www hamdardmediagroup.com ਤੇ ਵਿਜ਼ਿਟ ਕਰੋ
Daily Hamdard
Estd.1991
# ਹਮਦਰਦ
25 ਮਾਰਚ, 2026
HAMDARD PUNJABI NEWSPAPER: 2-1332 Khalsa Drive, Mississauga, ON L5S 0A2, Canada
www.hamdardmediagroup.com | Email: ads@hamdardtv.ca | Ph: 905.791.9999

# ਪਾਕਿਸਤਾਨ ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼

## ਉੱਤਰ ਪ੍ਰਦੇਸ਼ ਦਾ ਲੋਨੀ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ



ਨਵੀਂ ਦਿੱਲੀ, 24 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਦੁਨੀਆ ਭਰ ਵਿੱਚ ਹਵਾ ਦੀ ਗੁਣਵੱਤਾ 'ਤੇ ਜਾਰੀ ਕੀਤੀ ਗਈ ਵਿਸ਼ਵ ਹਵਾ ਗੁਣਵੱਤਾ ਰਿਪੋਰਟ 2025 ਨੇ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਰੱਖੇ ਹਨ। ਰਿਪੋਰਟ ਮੁਤਾਬਕ, ਭਾਰਤ ਦੁਨੀਆ ਦਾ ਛੇਵਾਂ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਉੱਤਰ ਪ੍ਰਦੇਸ਼ ਦਾ ਲੋਨੀ ਸ਼ਹਿਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਐਲਾਨ ਕੀਤਾ ਗਿਆ ਹੈ, ਜਦਕਿ ਦਿੱਲੀ ਚੌਥੇ ਸਥਾਨ 'ਤੇ ਹੈ।


ਸਵਿਟਜ਼ਰਲੈਂਡ ਦੀ ਕੰਪਨੀ ਆਈ.ਕਿਊ.ਏਅਰ ਵੱਲੋਂ ਤਿਆਰ ਕੀਤੀ ਇਸ ਰਿਪੋਰਟ ਨੇ 143 ਦੇਸ਼ਾਂ ਦੇ 9,446 ਸ਼ਹਿਰਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ। ਰਿਪੋਰਟ ਵਿੱਚ ਦਰਸਾਇਆ ਗਿਆ ਕਿ ਲੋਨੀ ਵਿੱਚ PM2.5 ਦੀ ਸਾਲਾਨਾ ਔਸਤ ਸੰਘਣਤਾ 112.5 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਰਹੀ, ਜੋ ਕਿ ਵਿਸ਼ਵ ਸਿਹਤ ਸੰਸਥਾ (WHO) ਦੇ ਮਾਪਦੰਡ ਤੋਂ 22 ਗੁਣਾ ਵੱਧ ਹੈ। ਰੀਪੋਰਟ ਅਨੁਸਾਰ ਪਾਕਿਸਤਾਨ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਇਸ ਤੋਂ ਬਾਅਦ ਬੰਗਲਾਦੇਸ਼ੀ, ਤਜ਼ਾਕਿਸਤਾਨ, ਚਾਡ ਅਤੇ ਕਾਂਗੋ ਦਾ ਨੰਬਰ ਹੈ।

ਆਈ.ਕਿਊ.ਏਅਰ ਦੇ ਆਲਮੀ ਸੀ.ਈ.ਓ. ਫਰੈਂਕ ਹੈਮਸ ਨੇ ਕਿਹਾ, ''ਹਵਾ ਦੀ ਗੁਣਵੱਤਾ ਇਕ ਨਾਜ਼ੁਕ ਸੰਪਤੀ ਹੈ ਜਿਸਦੀ ਰੱਖਿਆ ਲਈ ਸਰਗਰਮ ਯਤਨ ਲਾਜ਼ਮੀ ਹਨ। ਬਿਨਾਂ ਨਿਗਰਾਨੀ ਦੇ ਅਸੀਂ ਨਹੀਂ ਜਾਣ ਸਕਦੇ ਕਿ ਅਸੀਂ ਕੀ ਸਾਹ ਲੈ ਰਹੇ ਹਾਂ।'' ਜਦਕਿ ਗ੍ਰੀਨਪੀਸ ਇੰਟਰਨੈਸ਼ਨਲ ਦੇ ਸੀਨੀਅਰ ਵਿਗਿਆਨੀ ਐਡਨ ਫੈਰੋ ਨੇ ਕਿਹਾ, ''ਇਹ ਖੁੱਲ੍ਹੇ ਤੇ ਪਾਰਦਰਸ਼ੀ ਡਾਟਾ ਪ੍ਰਦੂਸ਼ਣ ਕਰਨ ਵਾਲਿਆਂ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਬਹੁਤ ਜ਼ਰੂਰੀ ਹੈ।''

ਰਿਪੋਰਟ ਨੇ ਇਹ ਵੀ ਦਰਸਾਇਆ ਕਿ 2025 ਵਿੱਚ ਜੰਗਲਾਂ ਦੀਆਂ ਅੱਗਾਂ ਅਤੇ ਉਦਯੋਗਿਕ ਖੇਤੀਬਾੜੀ ਨੇ ਹਵਾ ਦੀ ਗੁਣਵੱਤਾ ਨੂੰ ਹੋਰ ਖਰਾਬ ਕੀਤਾ। ਭਾਰਤ ਦੇ ਪੰਜ ਸ਼ਹਿਰ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਦਸ ਸ਼ਹਿਰਾਂ ਵਿੱਚ ਸ਼ਾਮਲ ਹਨ, ਜਿਨ੍ਹਾਂ 'ਚ ਲੋਨੀ, ਬਿਰਨਿਹਾਟ, ਦਿੱਲੀ, ਗਾਜ਼ੀਆਬਾਦ ਅਤੇ ਉਲਾ ਸ਼ਾਮਲ ਹਨ। ਇਹ ਅੰਕੜੇ ਸਪਸ਼ਟ ਕਰਦੇ ਹਨ ਕਿ ਹਵਾ ਪ੍ਰਦੂਸ਼ਣ ਸਿਰਫ਼ ਵਾਤਾਵਰਣੀ ਨਹੀਂ, ਸਿਹਤ ਸੰਕਟ ਵੀ ਹੈ, ਜਿਸ 'ਤੇ ਤੁਰੰਤ ਕਾਰਵਾਈ ਦੀ ਲੋੜ ਹੈ।

# ਅਮਰੀਕਾ ਦੇ ਟੈਕਸਾਸ ਵਿਚ ਤੇਲ ਰਿਫਾਇਨਰੀ 'ਚ ਲੱਗੀ ਭਿਆਨਕ ਅੱਗ

## ਧਮਾਕੇ ਕਾਰਨ ਨੇੜਲੇ ਘਰ ਹਿੱਲੇ ਅਤੇ ਦੂਰ ਤੱਕ ਸੁਣੀ ਗਈ ਅਵਾਜ਼



ਟੈਕਸਾਸ, 24 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਟੈਕਸਾਸ ਸੂਬੇ ਦੇ ਪੋਰਟ ਆਰਥਰ ਸ਼ਹਿਰ ਵਿਚ ਸਥਿਤ ਵੈਲੇਰੋ ਆਇਲ ਰਿਫਾਇਨਰੀ ਵਿਚ ਸੋਮਵਾਰ ਰਾਤ ਵੱਡਾ ਧਮਾਕਾ ਹੋਇਆ, ਜਿਸ ਤੋਂ ਬਾਅਦ ਉੱਥੇ ਭਿਆਨਕ ਅੱਗ ਲੱਗ ਗਈ ਅਤੇ ਆਕਾਸ਼ ਵਿਚ ਕਾਲਾ ਧੂੰਆਂ ਫੈਲ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਆਸ-ਪਾਸ ਦੇ ਲੋਕਾਂ ਨੇ ਤੇਜ਼ ਧਮਾਕੇ ਦੀ ਆਵਾਜ਼ ਸੁਣੀ, ਜਿਸ ਨਾਲ ਉਨ੍ਹਾਂ ਦੇ ਘਰ ਹਿਲ ਗਏ। ਇਸ ਤੋਂ ਬਾਅਦ ਐਮਰਜੈਂਸੀ ਟੀਮਾਂ ਤੁਰੰਤ ਮੌਕੇ ਤੇ ਪਹੁੰਚ ਗਈਆਂ। ਇਹ ਰਿਫਾਇਨਰੀ ਰੋਜ਼ਾਨਾ ਲਗਭਗ 4.35 ਲੱਖ ਬੈਰਲ ਖਾਮ ਤੇਲ ਨੂੰ ਪ੍ਰੋਸੈੱਸ ਕਰਕੇ ਪੈਟਰੋਲ, ਡੀਜ਼ਲ ਅਤੇ ਜੈੱਟ ਫਿਊਲ ਬਣਾਉਂਦੀ ਹੈ। ਅਧਿਕਾਰੀਆਂ ਅਨੁਸਾਰ, ਇਹ ਵਿਸਫੋਟ ਇੱਕ ਹੀਟਰ ਵਿਚ ਖ਼ਰਾਬੀ ਕਾਰਨ ਹੋਇਆ।

ਘਟਨਾ ਤੋਂ ਬਾਅਦ ਸ਼ਹਿਰ ਦੇ ਪੱਛਮੀ ਹਿੱਸੇ ਵਿਚ ਲੋਕਾਂ ਨੂੰ ਘਰਾਂ ਦੇ ਅੰਦਰ ਰਹਿਣ, ਦਰਵਾਜ਼ੇ-ਖਿੜਕੀਆਂ ਬੰਦ ਰੱਖਣ ਅਤੇ ਪ੍ਰਸ਼ਾਸਨ ਦੇ ਨਿਰਦੇਸ਼ਾਂ ਦਾ ਪਾਲਣ ਕਰਨ ਲਈ ਕਿਹਾ ਗਿਆ ਹੈ। ਹਾਲਾਂਕਿ, ਹੁਣ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋਈ।

# ਇਰਾਨੀ ਪਾਵਰ ਪਲਾਂਟਾਂ 'ਤੇ 5 ਦਿਨ ਹਮਲਾ ਨਹੀਂ ਕਰਾਂਗੇ: ਡੋਨਾਲਡ

## ਜੰਗ ਖਤਮ ਕਰਨ ਲਈ 2 ਦਿਨ ਚੱਲੀ ਗੱਲਬਾਤ



ਤਹਿਰਾਨ, 24 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਦੇ ਪਾਵਰ ਪਲਾਂਟਾਂ ਅਤੇ ਊਰਜਾ ਬੁਨਿਆਦੀ ਢਾਂਚੇ 'ਤੇ ਹਮਲੇ ਅਸਥਾਈ ਤੌਰ 'ਤੇ ਮੁਲਤਵੀ ਕਰ ਦਿੱਤੇ ਹਨ। ਟਰੰਪ ਨੇ ਕਿਹਾ ਕਿ ਇਹ ਫੈਸਲਾ ਅਮਰੀਕਾ ਅਤੇ ਈਰਾਨ ਵਿਚਕਾਰ ਦੋ ਦਿਨਾਂ ਦੀ ਗੱਲਬਾਤ ਤੋਂ ਬਾਅਦ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਰੱਖਿਆ ਵਿਭਾਗ ਨੂੰ ਪੰਜ ਦਿਨਾਂ ਲਈ ਪਾਵਰ ਪਲਾਂਟਾਂ ਅਤੇ ਊਰਜਾ ਬੁਨਿਆਦੀ ਢਾਂਚੇ 'ਤੇ ਸਾਰੇ ਫੌਜੀ ਹਮਲੇ ਰੋਕਣ ਦੇ ਨਿਰਦੇਸ਼ ਦਿੱਤੇ ਗਏ ਹਨ। ਟਰੰਪ ਨੇ ਕਿਹਾ ਕਿ ਜੇਕਰ ਗੱਲਬਾਤ ਸਫਲ ਹੁੰਦੀ ਹੈ, ਤਾਂ ਮੱਧ ਪੂਰਬ ਵਿੱਚ ਚੱਲ ਰਹੇ ਤਣਾਅ ਨੂੰ ਖਤਮ ਕਰਨ ਵੱਲ ਇੱਕ ਵੱਡਾ ਕਦਮ ਚੁੱਕਿਆ ਜਾ ਸਕਦਾ ਹੈ।

ਟਰੰਪ ਨੇ ਅਸਲ ਵਿੱਚ ਦੋ ਦਿਨ ਪਹਿਲਾਂ ਈਰਾਨ ਨੂੰ ਧਮਕੀ ਦਿੱਤੀ ਸੀ ਕਿ ਜੇਕਰ 48 ਘੰਟਿਆਂ ਦੇ ਅੰਦਰ ਹੋਰਮੁਜ਼ ਜਲਡਮਰੂ ਨੂੰ ਨਹੀਂ ਖੋਲ੍ਹਿਆ ਗਿਆ, ਤਾਂ ਉਹ ਈਰਾਨ ਦੇ ਪਾਵਰ ਪਲਾਂਟਾਂ 'ਤੇ ਵੱਡਾ ਹਮਲਾ ਕਰਨਗੇ।

# ਭਾਰਤ ਅਤੇ ਯੂ.ਕੇ. ਦੇ ਹਵਾਈ ਸੈਨਾ ਮੁਖੀਆਂ ਨੇ ਪਰਿਵਾਰਾਂ ਸਮੇਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਟੇਕਿਆ ਮੱਥਾ

## ਸ੍ਰੀ ਹਰਿਮੰਦਰ ਸਾਹਿਬ ਦੀ ਫੇਰੀ ਮੇਰੀ ਜ਼ਿੰਦਗੀ ਦਾ ਸਭ ਤੋਂ ਯਾਦਗਾਰੀ ਅਨੁਭਵ: ਏਅਰ ਚੀਫ ਮਾਰਸ਼ਲ

ਅੰਮ੍ਰਿਤਸਰ, 24 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਅੱਜ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਅਮਰਪ੍ਰੀਤ ਸਿੰਘ ਅਤੇ ਯੂਨਾਈਟਿਡ ਕਿੰਗਡਮ (UK) ਦੇ ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਹਾਰਵੇ ਸਮਿਥ ਨੇ ਆਪਣੇ ਪਰਿਵਾਰਾਂ ਸਮੇਤ ਨਤਮਸਤਕ ਹੋ ਕੇ ਆਸ਼ੀਰਵਾਦ ਲਿਆ। ਇਸ ਮੌਕੇ ਦੋਵਾਂ ਦੇਸ਼ਾਂ ਦੇ ਉੱਚ ਅਧਿਕਾਰੀਆਂ ਦੀ ਆਮਦ ਨੂੰ ਲੈ ਕੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।



ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਵੱਲੋਂ ਦੋਵਾਂ ਹਵਾਈ ਸੈਨਾ ਮੁਖੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ, ਦਰਸ਼ਨੀ ਡਿਊੜੀ ਅਤੇ ਸਿੱਖ ਇਤਿਹਾਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਦਰਸ਼ਨਾਂ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ ਦੋਵਾਂ ਅਧਿਕਾਰੀਆਂ ਨੂੰ ਸੂਚਨਾ ਕੇਂਦਰ ਵਿਖੇ ਸਨਮਾਨਿਤ ਚਿੰਨ੍ਹ ਅਤੇ ਧਾਰਮਿਕ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ।

ਮੀਡੀਆ ਨਾਲ ਗੱਲਬਾਤ ਕਰਦਿਆਂ ਯੂਕੇ ਦੇ ਏਅਰ ਚੀਫ ਮਾਰਸ਼ਲ ਹਾਰਵੇ ਸਮਿਥ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ, "ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਸ਼ਾਨਦਾਰ ਅਤੇ ਅਭੁੱਲ ਅਨੁਭਵਾਂ ਵਿੱਚੋਂ ਇੱਕ ਰਿਹਾ ਹੈ। ਮੈਂ ਇੱਥੋਂ ਮਿਲੇ ਸਨਮਾਨ ਲਈ ਟੀਮ ਦਾ ਬਹੁਤ ਧੰਨਵਾਦੀ ਹਾਂ।" ਉਨ੍ਹਾਂ ਅੱਗੇ ਕਿਹਾ ਕਿ ਇਹ ਉਨ੍ਹਾਂ ਦੀ ਭਾਰਤ ਦੀ ਪਹਿਲੀ ਫੇਰੀ ਹੈ ਅਤੇ ਭਾਰਤੀ ਹਵਾਈ ਸੈਨਾ ਦੇ ਮੁਖੀ ਅਮਰਪ੍ਰੀਤ ਸਿੰਘ ਨਾਲ ਇੱਥੇ ਆਉਣਾ ਦੋਵਾਂ ਦੇਸ਼ਾਂ ਦੀ ਡੂੰਘੀ ਦੋਸਤੀ ਅਤੇ ਸਾਂਝੇਦਾਰੀ ਦਾ ਪ੍ਰਤੀਕ ਹੈ।

ਹਾਰਵੇ ਸਮਿਥ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਵਿੱਚ ਸਾਡੇ ਵਿਚਕਾਰ ਇੱਕ ਮਜ਼ਬੂਤ ਦੋਸਤੀ ਦਾ ਰਿਸ਼ਤਾ ਬਣਿਆ ਹੈ, ਜਿਸ ਨੂੰ ਉਹ ਭਵਿੱਖ ਵਿੱਚ ਵੀ ਜਾਰੀ ਰੱਖਣ ਦੀ ਉਮੀਦ ਰੱਖਦੇ ਹਨ। ਉਨ੍ਹਾਂ ਨੇ ਦੁਬਾਰਾ ਸ੍ਰੀ ਹਰਿਮੰਦਰ ਸਾਹਿਬ ਆਉਣ ਦੀ ਇੱਛਾ ਜ਼ਾਹਿਰ ਕਰਦਿਆਂ ਕਿਹਾ ਕਿ ਅਗਲੀ ਵਾਰ ਉਹ ਆਪਣੇ ਬਾਕੀ ਪਰਿਵਾਰ ਨੂੰ ਵੀ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਵਾਉਣ ਲਈ ਨਾਲ ਲਿਆਉਣਗੇ।

# ਧਰਮ ਪਰਿਵਰਤਨ ਮਗਰੋਂ ਨਹੀਂ ਮਿਲੇਗਾ 'ਜਾਤੀ' ਦਾ ਲਾਭ : ਸੁਪਰੀਮ ਕੋਰਟ

## ਸਿਰਫ਼ ਸਿੱਖ, ਹਿੰਦੂ, ਬੋਧੀ ਹੀ ਕਰ ਸਕਦੇ ਹਨ ਅਨੁਸੂਚਿਤ ਜਾਤੀ ਦਾ ਦਾਅਵਾ

ਨਵੀਂ ਦਿੱਲੀ, 24 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਇਕ ਮਹੱਤਵਪੂਰਨ ਫੈਸਲਾ ਸੁਣਾਇਆ ਹੈ ਕਿ ਕੋਈ ਵੀ ਵਿਅਕਤੀ ਜੋ ਹਿੰਦੂ ਧਰਮ, ਸਿੱਖ ਧਰਮ ਜਾਂ ਬੁੱਧ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਨੂੰ ਅਪਣਾਉਂਦਾ ਹੈ, ਉਸ ਨੂੰ ਅਨੁਸੂਚਿਤ ਜਾਤੀ (ਐਸ.ਸੀ.) ਦਾ ਹਿੱਸਾ ਨਹੀਂ ਮੰਨਿਆ ਜਾ ਸਕਦਾ। ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਐਨ.ਵੀ. ਅੰਜਾਰੀਆ ਦੀ ਬੈਂਚ ਨੇ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਹੁਕਮ ਨੂੰ ਕਾਇਮ ਰੱਖਦਿਆਂ ਕਿਹਾ ਕਿ ਧਰਮ ਪਰਿਵਰਤਨ ਨਾਲ ਐਸ.ਸੀ. ਦਰਜਾ ਤੁਰਤ ਅਤੇ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ।

ਬੈਂਚ ਨੇ ਸਪਸ਼ਟ ਕੀਤਾ, ''ਇਹ ਰੋਕ ਪੂਰੀ ਹੈ ਅਤੇ ਇਸ ਵਿਚ ਕੋਈ ਛੋਟ ਨਹੀਂ। ਕੋਈ ਵਿਅਕਤੀ ਇਕੱਠੇ ਦੋ ਧਰਮਾਂ ਦਾ ਪਾਲਣ ਕਰ ਕੇ ਐਸ.ਸੀ. ਦਰਜੇ ਦਾ ਹੱਕ ਨਹੀਂ ਜਤਾ ਸਕਦਾ।'' ਇਹ ਮਾਮਲਾ ਪਾਸਟਰ ਚਿੰਥਾਡਾ ਆਨੰਦ ਨਾਲ ਜੁੜਿਆ ਸੀ, ਜਿਸ ਨੇ 2021 ਵਿਚ ਆਂਧਰਾ ਪ੍ਰਦੇਸ਼ ਦੇ ਇਕ ਪਿੰਡ ਵਿਚ ਅਪਣੇ ਉੱਤੇ ਹੋਏ ਹਮਲੇ ਵਿਰੁਧ ਐਸ.ਸੀ./ਐਸ.ਟੀ. ਐਕਟ ਅਧੀਨ ਕੇਸ ਕੀਤਾ ਸੀ।

ਪਰ ਹਾਈ ਕੋਰਟ ਨੇ ਕਿਹਾ ਕਿ ਕਿਉਂਕਿ ਉਹ ਈਸਾਈ ਧਰਮ ਅਪਣਾ ਚੁਕੇ ਹਨ, ਇਸ ਲਈ ਉਹ ਐਸ.ਸੀ. ਦਰਜੇ ਦਾ ਹੱਕ ਨਹੀਂ ਰੱਖਦੇ । ਸੁਪਰੀਮ ਕੋਰਟ ਨੇ ਵੀ ਇਹੀ ਰਾਏ ਦਿੱਤੀ ਕਿ ਸੰਵਿਧਾਨ (ਸ਼ੈਡਿਊਲ ਕਾਸਟ) ਆਰਡਰ 1950 ਦੀ ਧਾਰਾ 3 ਅਨੁਸਾਰ, ਧਰਮ ਪਰਿਵਰਤਨ ਨਾਲ ਦਰਜਾ ਤੁਰਤ ਖ਼ਤਮ ਹੋ ਜਾਂਦਾ ਹੈ। ਅਦਾਲਤ ਨੇ ਇਹ ਵੀ ਦਰਸਾਇਆ ਕਿ ਸਬੂਤ ਸਪਸ਼ਟ ਕਰਦੇ ਹਨ ਕਿ ਅਪੀਲਕਰਤਾ ਪਿਛਲੇ ਦਹਾਕੇ ਤੋਂ ਪਾਸਟਰ ਵਜੋਂ ਕੰਮ ਕਰ ਰਹੇ ਹਨ ਅਤੇ ਨਿਯਮਿਤ ਤੌਰ ਉਤੇ ਪ੍ਰਾਰਥਨਾ ਸਭਾਵਾਂ ਕਰਦੇ ਹਨ। ਇਸ ਲਈ ਕੋਈ ਸ਼ੱਕ ਨਹੀਂ ਕਿ ਉਹ ਇਸਾਈ ਧਰਮ ਵਿਚ ਹੀ ਰਹੇ। ਇਸ ਫੈਸਲੇ ਨਾਲ ਧਰਮ ਪਰਿਵਰਤਨ ਅਤੇ ਸੰਵਿਧਾਨਕ ਹੱਕਾਂ ਉਤੇ ਵੱਡੀ ਚਰਚਾ ਸ਼ੁਰੂ ਹੋ ਗਈ ਹੈ। ਕਾਨੂੰਨੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਭਵਿੱਖ ਵਿਚ ਕਈ ਕੇਸਾਂ ਲਈ ਨਜ਼ੀਰ ਬਣੇਗਾ। (ਪੀ.ਟੀ.ਆਈ.) ਪੰਜਾਬ ਵਿਚ ਧਰਮ ਪਰਿਵਰਤਨ ਵੱਡਾ ਮੁੱਦਾ, ਦੋ ਸਾਲਾਂ ਅੰਦਰ 3.5 ਲੱਖ ਲੋਕਾਂ ਨੇ ਧਰਮ ਬਦਲਿਆ - ਪੰਜਾਬ ਵਿਚ ਧਰਮ ਪਰਿਵਰਤਨ ਇਕ ਵੱਡਾ ਮੁੱਦਾ ਬਣ ਚੁੱਕਾ ਹੈ। ਧਰਮ ਪਰਿਵਰਤਨ ਦਾ ਮੁੱਦਾ ਸਿਰਫ਼ ਧਾਰਮਕ ਆਸਥਾ ਦਾ ਨਹੀਂ, ਸਗੋਂ ਜਨਸੰਖਿਆ,



ਸਿਆਸਤ ਅਤੇ ਸਭਿਆਚਾਰਕ ਪਛਾਣ ਨਾਲ ਜੁੜਿਆ ਹੋਇਆ ਹੈ। ਪੰਜਾਬ ਦੇ ਸਰਹੱਦੀ ਅਤੇ ਪੇਂਡੂ ਇਲਾਕਿਆਂ 'ਚੋਂ ਸਿੱਖ ਨੌਜੁਆਨ ਈਸਾਈ ਧਰਮ ਅਪਣਾ ਰਹੇ ਹਨ ਤਾਂ ਸਿੱਖ ਸੰਸਥਾਵਾਂ ਅਤੇ ਜਥੇਦਾਰਾਂ ਨੂੰ ਇਹ ਅਪਣੀ ਹੋਂਦ ਅਤੇ ਪਛਾਣ ਉਤੇ ਸਿੱਧਾ ਹਮਲਾ ਲਗਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕੀਤਾ। ਅੰਕੜਿਆਂ ਦੀ ਖੇਡ ਪੰਜਾਬ 'ਚ ਬਹੁਤ ਉਲਝੀ ਹੋਈ ਹੈ, ਕਿਉਂਕਿ ਸਰਕਾਰੀ ਅੰਕੜੇ ਅਤੇ ਜ਼ਮੀਨੀ ਹਕੀਕਤ ਵਿਚ ਬਹੁਤ ਵੱਡਾ ਪਾੜਾ ਹੈ।

2011 ਦੀ ਮਰਦਮਸ਼ੁਮਾਰੀ ਮੁਤਾਬਕ ਪੰਜਾਬ ਵਿਚ ਈਸਾਈ ਆਬਾਦੀ ਸਿਰਫ਼ 1.16 ਫੀਸਦ ਸੀ। ਜਦਕਿ ਅਸਲੀਅਤ ਵਿਚ ਚਰਚ ਜਾਣ ਵਾਲਿਆਂ ਦੀ ਗਿਣਤੀ ਇਸ ਤੋਂ ਕਈ ਗੁਣਾ ਵੱਧ ਮੰਨੀ ਜਾਂਦੀ ਹੈ। ਕਈ ਸਰਵੇਖਣਾਂ ਮੁਤਾਬਕ ਪਿਛਲੇ 2 ਸਾਲਾਂ ਵਿਚ ਪੰਜਾਬ ਅੰਦਰ 3.5 ਲੱਖ ਲੋਕਾਂ ਨੇ ਅਪਣਾ ਧਰਮ ਬਦਲਿਆ। ਸਾਲ 2023-24 ਵਿਚ ਡੇਢ ਲੱਖ ਲੋਕਾਂ ਨੇ ਈਸਾਈ ਧਰਮ ਅਪਣਾਇਆ ਅਤੇ ਸਾਲ 2024-25 ਵਿਚ 2 ਲੱਖ ਲੋਕਾਂ ਨੇ ਅਪਣਾ ਧਰਮ ਬਦਲਿਆ। ਪਿਛਲੇ 10 ਸਾਲਾਂ ਅੰਦਰ ਤਰਨਤਾਰਨ ਵਿਚ ਈਸਾਈ ਆਬਾਦੀ 'ਚ 102 ਫੀਸਦ ਵਾਧਾ ਹੋਇਆ।

ਗੁਰਦਾਸਪੁਰ ਜ਼ਿਲ੍ਹੇ ਅੰਦਰ ਪੰਜ ਸਾਲਾਂ ਅੰਦਰ ਈਸਾਈ ਆਬਾਦੀ ਵਿਚ 4 ਲੱਖ ਦਾ ਵਾਧਾ ਹੋਇਆ। ਧਰਮ ਬਦਲਣ ਵਾਲੇ ਲੋਕ ਜ਼ਿਆਦਾਤਰ ਦਲਿਤ ਭਾਈਚਾਰੇ ਨਾਲ ਸਬੰਧਤ ਹਨ। ਇਹ ਲੋਕ ਸਰਕਾਰੀ ਕਾਗਜ਼ਾਂ ਵਿਚ ਅਪਣਾ ਧਰਮ ਨਹੀਂ ਬਦਲਦੇ ਕਿਉਂਕਿ ਭਾਰਤ ਵਿਚ ਈਸਾਈ ਅਤੇ ਮੁਸਲਿਮ ਧਰਮ ਅਪਣਾਉਣ ਵਾਲਿਆਂ ਨੂੰ 'ਅਨੁਸੂਚਿਤ ਜਾਤੀ' ਦੇ ਰਾਖਵੇਂਕਰਨ ਅਤੇ ਹੋਰ ਸਰਕਾਰੀ ਸਹੂਲਤਾਂ ਦਾ ਲਾਭ ਨਹੀਂ ਮਿਲਦਾ। ਇਕ ਸਮਾਂ ਹੁੰਦਾ ਸੀ ਜਦੋਂ ਮਾਝਾ ਖੇਤਰ ਸਿੱਖੀ ਦਾ ਸੱਭ ਤੋਂ ਵੱਡਾ ਧੁਰਾ ਹੁੰਦਾ ਸੀ। ਸਿੱਖੀ ਸੰਘਰਸ਼ ਵਿਚ ਸੱਭ ਤੋਂ ਵੱਡਾ ਯੋਗਦਾਨ ਮਾਝੇ ਦਾ ਰਿਹਾ ਤੇ ਅੱਜ ਸੱਭ ਤੋਂ ਵੱਡਾ ਧਰਮ ਪਰਿਵਰਤਨ ਦਾ ਧੁਰਾ ਵੀ ਮਾਝਾ ਹੀ ਹੈ।

ਦੂਜੇ ਪਾਸੇ ਸਮਾਜ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਸ ਦਾ ਅਸਲ ਕਾਰਨ ਪੰਜਾਬ ਦਾ ਡੂੰਘਾ 'ਜਾਤੀਵਾਦ' ਹੈ। ਭਾਵੇਂ ਸਿੱਖੀ ਵਿਚ ਜਾਤੀਵਾਦ ਦੀ ਕੋਈ ਥਾਂ ਨਹੀਂ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਉੱਚ-ਜਾਤੀ ਅਤੇ ਦਲਿਤ ਸਿੱਖਾਂ ਵਿਚਾਲੇ ਵਿਤਕਰਾ ਅਜੇ ਵੀ ਮੌਜੂਦ ਹੈ। ਪੰਜਾਬ ਵਿਚ ਧਰਮ ਪਰਿਵਰਤਨ ਦਾ ਮੁੱਦਾ ਸਿਰਫ਼ 'ਲਾਲਚ' ਤਕ ਸੀਮਤ ਨਹੀਂ ਹੈ। ਜਿਥੇ ਇਕ ਪਾਸੇ ਕੁੱਝ ਮਿਸ਼ਨਰੀਆਂ ਵਲੋਂ ਗੁਮਰਾਹਕੁਨ ਪ੍ਰਚਾਰ ਅਤੇ ਚਮਤਕਾਰਾਂ ਦਾ ਸਹਾਰਾ ਲਿਆ ਜਾ ਰਿਹਾ ਹੈ, ਉਥੇ ਹੀ ਦੂਜੇ ਪਾਸੇ ਪੰਜਾਬ ਦੇ ਸਮਾਜ ਵਿਚ ਫੈਲਿਆ ਜਾਤੀਵਾਦ ਅਤੇ ਧਾਰਮਕ ਅਦਾਰਿਆਂ ਵਲੋਂ ਗਰੀਬ ਵਰਗ ਦੀ ਅਣਦੇਖੀ ਵੀ ਇਸ ਦਾ ਬਰਾਬਰ ਦਾ ਵੱਡਾ ਕਾਰਨ ਹੈ।

# ਮੋਦੀ-ਟਰੰਪ ਵੱਲੋਂ ਪੱਛਮੀ ਏਸ਼ੀਆ ਸੰਕਟ ਬਾਰੇ ਚਰਚਾ

## ਦੋਵੇਂ ਆਗੂਆਂ ਨੇ ਹਰਮੁਜ਼ ਜਲ ਮਾਰਗ ਖੁੱਲ੍ਹਾ ਰੱਖਣ 'ਤੇ ਜ਼ੋਰ ਦਿੱਤਾ

ਨਵੀਂ ਦਿੱਲੀ, 24 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਫੋਨ 'ਤੇ ਗੱਲਬਾਤ ਮਗਰੋਂ ਕਿਹਾ ਕਿ ਭਾਰਤ ਪੱਛਮੀ ਏਸ਼ੀਆ 'ਚ ਫ਼ੌਰੀ ਸ਼ਾਂਤੀ ਬਹਾਲੀ ਅਤੇ ਤਣਾਅ ਘਟਾਉਣ ਦੀ ਹਮਾਇਤ ਕਰਦਾ ਹੈ। ਦੋਵੇਂ ਆਗੂਆਂ ਵਿਚਾਲੇ ਗੱਲਬਾਤ ਹਰਮੁਜ਼ ਜਲ ਮਾਰਗ ਨੂੰ ਜਹਾਜ਼ਾਂ ਦੀ ਆਵਾਜਾਈ ਸੁਰੱਖਿਅਤ ਬਣਾਉਣ ਅਤੇ ਖ਼ਿੱਤੇ 'ਚ ਸ਼ਾਂਤੀ ਤੇ ਸਥਿਰਤਾ ਕਾਇਮ ਕਰਨ ਦੀਆਂ ਕੋਸ਼ਿਸ਼ਾਂ 'ਤੇ ਕੇਂਦਰਤ ਰਹੀ। ਉਧਰ, ਇਰਾਨ ਦੇ ਫ਼ੌਜੀ ਅਤੇ ਸਿਆਸੀ ਆਗੂਆਂ ਨੇ ਅਮਰੀਕੀ ਰਾਸ਼ਟਰਪਤੀ ਦੇ ਵਾਰਤਾ ਬਾਰੇ ਦਿੱਤੇ ਬਿਆਨਾਂ ਨੂੰ ਨਕਾਰ ਦਿੱਤਾ ਹੈ। ਇਰਾਨੀ ਫ਼ੌਜ ਦੀ ਸਿਖਰਲੀ ਕਮਾਂਡ ਖ਼ਾਤਮ-ਅਲ ਅਨਬੀਆ ਦੇ ਤਰਜਮਾਨ ਮੇਜਰ ਜਨਰਲ ਅਲੀ ਅਬਦੁੱਲਾਹੀ ਆਲੀਆਬਾਦੀ ਨੇ ਕਿਹਾ ਕਿ ਉਨ੍ਹਾਂ ਦੀ ਫ਼ੌਜ ਮੁਕੰਮਲ ਜਿੱਤ ਹਾਸਲ ਕਰਨ ਤੱਕ ਜੰਗ ਲੜੇਗੀ। ਜਨਰਲ ਦੇ ਇਸ ਬਿਆਨ ਤੋਂ ਜਾਪਦਾ ਹੈ ਕਿ ਫ਼ੌਜ ਅਮਰੀਕਾ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਲਈ ਸਹਿਮਤ ਨਹੀਂ ਹੈ।

ਟਰੰਪ ਵੱਲੋਂ ਇਰਾਨ ਨੂੰ ਹਰਮੁਜ਼ ਜਲ ਮਾਰਗ ਖੋਲ੍ਹਣ ਲਈ ਪੰਜ ਹੋਰ ਦਿਨ ਦਿੱਤੇ ਜਾਣ ਦੇ ਇਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਨੇ ਮੋਦੀ ਨੂੰ ਫੋਨ 'ਤੇ ਤਾਜ਼ਾ ਘਟਨਾਕ੍ਰਮ ਬਾਰੇ ਜਾਣਕਾਰੀ ਦਿੱਤੀ। ਮੋਦੀ ਨੇ ਸੋਸ਼ਲ ਮੀਡੀਆ 'ਤੇ ਦੱਸਿਆ ਕਿ ਉਹ ਅੱਗੇ ਵੀ ਇਕ-ਦੂਜੇ ਦੇ ਸੰਪਰਕ



'ਚ ਰਹਿਣ ਲਈ ਸਹਿਮਤ ਹੋਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਮੰਨਿਆ ਕਿ ਪੱਛਮੀ ਏਸ਼ੀਆ ਸੰਕਟ ਕਰ ਕੇ ਹਾਲਾਤ ਲਗਾਤਾਰ ਬਦਲ ਰਹੇ ਹਨ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਕਿਸੇ ਵੀ ਸੰਭਾਵੀ ਸਥਿਤੀ ਦੇ ਟਾਕਰੇ ਲਈ ਤਿਆਰ ਰਹਿਣ। ਉਨ੍ਹਾਂ ਪੱਛਮੀ ਏਸ਼ੀਆ ਜੰਗ ਦੇ ਸੰਭਾਵੀ ਸਿੱਟਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਅਧਿਕਾਰਾਂ ਵਾਲੇ ਸੱਤ ਸਮੂਹ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਰਾਜਾਂ ਨੂੰ ਇਸ ਸੰਕਟ ਤੋਂ ਬਚਣ ਲਈ 'ਟੀਮ ਇੰਡੀਆ' ਪਹੁੰਚ ਤਹਿਤ ਕੇਂਦਰ ਨਾਲ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ ਹੈ। ਇਸ ਦੌਰਾਨ ਸਰਕਾਰ ਨੇ ਪੱਛਮੀ ਏਸ਼ੀਆ ਸੰਕਟ ਬਾਰੇ ਚਰਚਾ ਲਈ ਬੁੱਧਵਾਰ ਸ਼ਾਮੀਂ ਪੰਜ ਵਜੇ ਸਰਬ ਪਾਰਟੀ ਮੀਟਿੰਗ ਸੱਦੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਬੈਠਕ ਦੀ ਅਗਵਾਈ ਕਰਨਗੇ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਕੇਰਲਾ ਵਿੱਚ ਪਹਿਲਾਂ ਤੋਂ ਨਿਰਧਾਰਿਤ ਪ੍ਰੋਗਰਾਮ ਕਰ ਕੇ ਸਰਬ ਪਾਰਟੀ ਮੀਟਿੰਗ 'ਚ ਸ਼ਾਮਲ ਨਹੀਂ ਹੋਣਗੇ।

ਪ੍ਰਧਾਨ ਮੰਤਰੀ ਨੇ ਰਾਜ ਸਭਾ 'ਚ ਦਿੱਤੇ ਬਿਆਨ ਵਿੱਚ ਜੰਗ ਦੇ ਗੰਭੀਰ ਸਿੱਟਿਆਂ ਵੱਲ ਇਸ਼ਾਰਾ ਕਰਦਿਆਂ ਕੋਵਿਡ-19 ਦੌਰਾਨ ਦੇਸ਼ ਦੀ ਪ੍ਰਤੀਕਿਰਿਆ ਨੂੰ ਯਾਦ ਕੀਤਾ, ਜਦੋਂ ਮਾਹਿਰਾਂ ਦੀ ਅਗਵਾਈ ਵਾਲੇ ਸਮੂਹ ਨੇ ਚੁਣੌਤੀਆਂ ਨਾਲ ਨਜਿੱਠਣ 'ਚ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਸੱਤ ਸਮੂਹ ਈਂਧਣ, ਖਾਦਾਂ, ਗੈਸ, ਸਪਲਾਈ ਚੇਨਾਂ ਤੇ ਮਹਿੰਗਾਈ ਬਾਰੇ ਵੀ ਰਣਨੀਤੀਆਂ ਤਿਆਰ ਕਰਨਗੇ। ਪ੍ਰਧਾਨ ਮੰਤਰੀ ਨੇ ਸ਼ਰਾਰਤੀ ਅਨਸਰਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਇਸ ਸੰਕਟ ਦਾ ਲਾਹਾ ਲੈਣ ਦੀ ਕੋਸ਼ਿਸ਼ ਨਾ ਕਰਨ। ਉਨ੍ਹਾਂ ਸੂਬਾਂ ਸਰਕਾਰਾਂ ਨੂੰ ਕਾਲਾਬਾਜ਼ਾਰੀ ਤੇ ਜਮ੍ਹਾਂਖੋਰੀ 'ਤੇ ਰੋਕ ਲਾਉਣ ਲਈ ਕਿਹਾ। ਉਨ੍ਹਾਂ ਯਕੀਨ ਦਿਵਾਇਆ ਕਿ ਖਾੜੀ ਮੁਲਕਾਂ 'ਚ ਰਹਿ ਰਹੇ ਇਕ ਕਰੋੜ ਭਾਰਤੀਆਂ ਦੀ ਜ਼ਿੰਦਗੀ ਤੇ ਰੋਜ਼ੀ-ਰੋਟੀ ਦੀ ਸੁਰੱਖਿਆ ਭਾਰਤ ਲਈ ਵੱਡਾ ਮਸਲਾ ਹੈ।

# 13 ਸਾਲ ਤਕ ਕੋਮਾ 'ਚ ਰਹਿਣ ਮਗਰੋਂ ਹਰੀਸ਼ ਰਾਣਾ ਦੀ ਏਮਜ਼-ਦਿੱਲੀ 'ਚ ਮੌਤ

## ਸੁਪਰੀਮ ਕੋਰਟ ਨੇ ਦਿੱਤੀ ਸੀ ਇੱਛਾ ਮੌਤ ਦੀ ਇਜਾਜ਼ਤ

ਨਵੀਂ ਦਿੱਲੀ, 24 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਭਾਰਤ ਵਿੱਚ ਇੱਛਾਮੌਤ ਦੀ ਇਜਾਜ਼ਤ ਮਿਲਣ ਵਾਲੇ ਪਹਿਲੇ ਵਿਅਕਤੀ ਹਰੀਸ਼ ਰਾਣਾ ਦਾ ਮੰਗਲਵਾਰ ਨੂੰ ਏਮਜ਼-ਦਿੱਲੀ ਵਿੱਚ ਦੇਹਾਂਤ ਹੋ ਗਿਆ। 31 ਸਾਲ ਦਾ ਹਰੀਸ਼ 2013 ਤੋਂ ਕੋਮਾ ਵਿੱਚ ਸੀ, ਜਦੋਂ ਉਹ ਪੰਜਾਬ ਯੂਨੀਵਰਸਿਟੀ ਵਿੱਚ ਬੀ.ਟੈਕ. ਦੀ ਪੜ੍ਹਾਈ ਕਰਦੇ ਹੋਏ ਚੌਥੀ ਮੰਜ਼ਿਲ ਤੋਂ ਡਿੱਗ ਕੇ ਗੰਭੀਰ ਸਿਰ ਦੀ ਸੱਟ ਦਾ ਸ਼ਿਕਾਰ ਹੋ ਗਿਆ ਸੀ।



ਸੁਪਰੀਮ ਕੋਰਟ ਨੇ 11 ਮਾਰਚ ਨੂੰ ਇਤਿਹਾਸਕ ਫ਼ੈਸਲਾ ਸੁਣਾਉਂਦੇ ਹੋਏ ਹਰੀਸ਼ ਲਈ ਇੱਛਾਮੌਤ ਦੀ ਮਨਜ਼ੂਰੀ ਦਿੱਤੀ ਸੀ। ਇਸ ਤੋਂ ਬਾਅਦ 14 ਮਾਰਚ ਨੂੰ ਉਸ ਨੂੰ ਏਮਜ਼ ਦੇ ਪੈਲੀਏਟਿਵ ਕੇਅਰ ਯੂਨਿਟ ਵਿੱਚ ਭਰਤੀ ਕਰਵਾਇਆ ਗਿਆ, ਜਿੱਥੇ ਹੌਲੀ-ਹੌਲੀ ਜੀਵਨ ਰਖਿਆ ਪ੍ਰਣਾਲੀ ਹਟਾਈ ਗਈ।

ਹਰੀਸ਼ ਦੇ ਪਿਤਾ ਅਸ਼ੋਕ ਰਾਣਾ ਨੇ ਕਿਹਾ, "ਇਹ ਫ਼ੈਸਲਾ ਸਾਡੇ ਪਰਿਵਾਰ ਲਈ ਕੋਈ ਨਿੱਜੀ ਲਾਭ ਨਹੀਂ ਲਿਆਉਂਦਾ, ਪਰ ਹੋਰ ਪਰਿਵਾਰਾਂ ਲਈ ਰਾਹ ਸੁਝਾਏਗਾ। ਹਰੀਸ਼ ਦੀ ਇੱਜ਼ਤ ਮੁੜ ਬਹਾਲ ਹੋਵੇਗੀ।"

ਸੁਪਰੀਮ ਕੋਰਟ ਨੇ ਆਪਣੇ ਹੁਕਮ ਵਿੱਚ ਕਿਹਾ ਸੀ, "ਉਸ ਦਾ ਪਰਿਵਾਰ ਕਦੇ ਵੀ ਉਸਦੇ ਨਾਲੋਂ ਦੂਰ ਨਹੀਂ ਹੋਇਆ। ਇਹ ਪਿਆਰ ਅਤੇ ਸਮਰਪਣ ਦੀ ਮਿਸਾਲ ਹੈ।"

ਡਾ. ਸੀਮਾ ਮਿਸ਼ਰਾ ਦੀ ਅਗਵਾਈ ਹੇਠ ਇਕ ਵਿਸ਼ੇਸ਼ ਮੈਡੀਕਲ ਟੀਮ ਨੇ ਇਹ ਪ੍ਰਕਿਰਿਆ ਪੂਰੀ ਕੀਤੀ। ਕੋਰਟ ਨੇ ਕੇਂਦਰ ਸਰਕਾਰ ਨੂੰ ਪੈਸਿਵ ਯੂਥੇਨੇਸ਼ੀਆ 'ਤੇ ਵਿਸਤ੍ਰਿਤ ਕਾਨੂੰਨ ਬਣਾਉਣ ਦੀ ਸਿਫ਼ਾਰਸ਼ ਵੀ ਕੀਤੀ।

# ਅਮਰੀਕੀ ਅਦਾਲਤ ਨੇ ਮੈਟਾ 'ਤੇ ਲਗਾਇਆ 3100 ਕਰੋੜ ਰੁਪਏ ਦਾ ਜੁਰਮਾਨਾ

## ਕਿਹਾ : 'ਫੇਸਬੁੱਕ ਅਤੇ ਇੰਸਟਾਗ੍ਰਾਮ ਬੱਚਿਆਂ ਲਈ ਖ਼ਤਰਨਾਕ'

'ਸ਼ਿੰਗਟਨ, 24 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਸੋਸ਼ਲ ਮੀਡੀਆ ਦਿੱਗਜ ਕੰਪਨੀ ਮੇਟਾ ਜੋ ਕਿ ਫੇਸਬੁੱਕ, ਇੰਸਟਾਗ੍ਰਾਮ ਅਤੇ ਵਟਸਐਪ ਦੀ ਮਾਲਕ ਹੈ, ਇੱਕ ਵੱਡੀ ਕਾਨੂੰਨੀ ਮੁਸੀਬਤ ਵਿੱਚ ਫਸ ਗਈ ਹੈ।



ਇੱਕ ਇਤਿਹਾਸਕ ਫੈਸਲੇ ਵਿੱਚ ਅਮਰੀਕਾ ਦੇ ਨਿਊ ਮੈਕਸੀਕੋ ਵਿੱਚ ਇੱਕ ਜਿਊਰੀ ਨੇ ਮੇਟਾ 'ਤੇ ਲਗਭਗ 3100 ਕਰੋੜ ਰੁਪਏ ਦਾ ਭਾਰੀ ਜੁਰਮਾਨਾ ਲਗਾਇਆ ਹੈ। ਅਦਾਲਤ ਨੇ ਮੰਨਿਆ ਹੈ ਕਿ ਉਦਯੋਗਪਤੀ ਮਾਰਕ ਜ਼ੁਕਰਬਰਗ ਦੀ ਕੰਪਨੀ ਮੈਟਾ ਨੇ ਬੱਚਿਆਂ ਦੀ ਸੁਰੱਖਿਆ ਅਤੇ ਮਾਨਸਿਕ ਸਿਹਤ ਲਈ ਖਤਰਿਆਂ ਨੂੰ ਛੁਪਾਇਆ ਅਤੇ ਮੁਨਾਫ਼ੇ ਦੇ ਚੱਕਰ ਵਿੱਚ ਨਿਯਮਾਂ ਦੀ ਉਲੰਘਣਾ ਕੀਤੀ। ਸੁਣਵਾਈ ਤੋਂ ਬਾਅਦ ਅਦਾਲਤ ਨੇ ਕੰਪਨੀ ਨੂੰ ਦੋਸ਼ੀ ਪਾਇਆ ਅਤੇ ਜੁਰਮਾਨਾ ਲਗਾਇਆ। ਇਹ ਮਾਮਲਾ ਲਗਭਗ ਸੱਤ ਹਫ਼ਤੇ ਚੱਲਿਆ। ਨਿਊ ਮੈਕਸੀਕੋ ਸਰਕਾਰ ਦੇ ਵਕੀਲਾਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਮੈਟਾ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਸਦੇ ਪਲੇਟਫਾਰਮ ਬੱਚਿਆਂ ਲਈ ਖਤਰਨਾਕ ਹੋ ਸਕਦੇ ਹਨ, ਪਰ ਕੰਪਨੀ ਨੇ ਕਦੇ ਵੀ ਜਨਤਕ ਤੌਰ 'ਤੇ ਇਨ੍ਹਾਂ ਖ਼ਤਰਿਆਂ ਸਬੰਧੀ ਜਨਤਕ ਤੌਰ 'ਤੇ ਜਾਣਕਾਰੀ ਨਹੀਂ ਦਿੱਤੀ।

# ਟਰਾਂਸਜੈਂਡਰ ਬਿੱਲ ਲੋਕ ਸਭਾ 'ਚ ਪਾਸ

## ਵਿਰੋਧੀ ਧਿਰਾਂ ਵੱਲੋਂ ਰੱਖੀਆਂ ਸੋਧਾਂ ਜ਼ੁਬਾਨੀ ਵੋਟ ਨਾਲ ਰੱਦ

ਨਵੀਂ ਦਿੱਲੀ, 24 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਲੋਕ ਸਭਾ ਨੇ ਕਿੰਨਰਾਂ (ਟਰਾਂਸਜੈਂਡਰਾਂ) ਦੀ ਸੁਰੱਖਿਆ ਤੇ ਉਨ੍ਹਾਂ ਦੇ ਹੱਕਾਂ ਬਾਰੇ ਕਾਨੂੰਨ 'ਚ ਸੋਧ ਦੀ ਮੰਗ ਕਰਦਾ ਬਿੱਲ ਪਾਸ ਕਰ ਦਿੱਤਾ। ਇਹ ਬਿੱਲ ਸਮਾਜਿਕ ਰੁਝਾਨਾਂ ਨੂੰ ਕਾਨੂੰਨ ਦੇ ਦਾਇਰੇ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰਦਾ ਹੈ ਅਤੇ ਅਜਿਹੇ ਲੋਕਾਂ ਨੂੰ ਹੋਏ ਨੁਕਸਾਨ ਦੀ ਗੰਭੀਰਤਾ ਦੇ ਆਧਾਰ 'ਤੇ ਸ਼੍ਰੇਣੀਬੱਧ ਸਜ਼ਾ ਦੀ ਵਿਵਸਥਾ ਕਰਦਾ ਹੈ। ਰਾਹੁਲ ਗਾਂਧੀ ਨੇ ਬਿੱਲ ਨੂੰ 'ਟਰਾਂਸਜੈਂਡਰਾਂ ਦੇ ਸੰਵਿਧਾਨਕ ਹੱਕਾਂ' ਉੱਤੇ ਹਮਲਾ ਦੱਸਿਆ। ਕਾਂਗਰਸ, ਸਮਾਜਵਾਦੀ ਪਾਰਟੀ, ਡੀ ਐੱਮ ਕੇ ਸਣੇ ਹੋਰਨਾਂ ਪਾਰਟੀਆਂ ਨੇ ਬਿੱਲ ਵਿਚਲੀਆਂ ਕੁਝ ਵਿਵਸਥਾਵਾਂ ਦਾ ਵਿਰੋਧ ਕੀਤਾ।




ਟਰਾਂਸਜੈਂਡਰ ਵਿਅਕਤੀ (ਹੱਕਾਂ ਦੀ ਸੁਰੱਖਿਆ) ਸੋਧ ਬਿੱਲ 2026 ਉੱਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਸਮਾਜਿਕ ਨਿਆਂ ਤੇ ਸ਼ਕਤੀਕਰਨ ਮੰਤਰੀ ਵੀਰੇਂਦਰ ਕੁਮਾਰ ਨੇ ਕਿਹਾ ਕਿ ਤਜਵੀਜ਼ਤ ਬਿੱਲ ਦਾ ਮੁੱਖ ਮੰਤਵ ਸਿਰਫ਼ ਉਨ੍ਹਾਂ ਲੋਕਾਂ ਨੂੰ ਸੁਰੱਖਿਆ ਦੇਣਾ ਹੈ ਜਿਨ੍ਹਾਂ ਨੂੰ ਜੈਵਿਕ ਕਾਰਨਾਂ ਕਰ ਕੇ ਬਾਈਕਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਕਾਨੂੰਨ 'ਚ ਸੋਧ ਟਰਾਂਸਜੈਂਡਰਾਂ ਲਈ ਕਾਨੂੰਨੀ ਪਛਾਣ ਤੇ ਸੁਰੱਖਿਆ ਯਕੀਨੀ ਬਣਾਏਗੀ। ਬਿੱਲ ਪਾਸ ਕਰਨ ਤੋਂ ਪਹਿਲਾਂ ਸਦਨ ਨੇ ਵਿਰੋਧੀ ਧਿਰਾਂ ਵੱਲੋਂ ਰੱਖੀਆਂ ਸੋਧਾਂ ਨੂੰ ਜ਼ੁਬਾਨੀ ਵੋਟ ਨਾਲ ਰੱਦ ਕਰ ਦਿੱਤਾ। ਬਹਿਸ ਦੌਰਾਨ ਵਿਰੋਧੀ ਧਿਰਾਂ ਨੇ ਬਿੱਲ ਨੂੰ 'ਵਧੇਰੇ ਸਖ਼ਤ' ਦੱਸਦਿਆਂ ਇਸ ਨੂੰ ਢੁੱਕਵੇਂ ਸਲਾਹ ਮਸ਼ਵਰੇ ਲਈ ਸਟੈਂਡਿੰਗ ਕਮੇਟੀ ਕੋਲ ਭੇਜਣ ਦੀ ਮੰਗ ਕੀਤੀ।

ਇਸ ਦੌਰਾਨ ਲੋਕ ਸਭਾ ਵਿੱਚ ਵਿਰੋਧੀ ਧਿਰਾਂ ਨੇ ਸਰਕਾਰ ਉੱਤੇ ਦੋਸ਼ ਲਾਇਆ ਕਿ ਉਸ ਨੇ ਅਮਰੀਕਾ ਅੱਗੇ ਆਪਣੀ ਰਣਨੀਤਕ ਖ਼ੁਦਮੁਖ਼ਤਾਰੀ ਨੂੰ ਲੈ ਕੇ ਗੋਡੇ ਟੇਕ ਦਿੱਤੇ ਹਨ। ਚੰਡੀਗੜ੍ਹ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਕਿਹਾ ਕਿ ਸਰਕਾਰ ਅਮਰੀਕਾ ਨਾਲ ਤਜਵੀਜ਼ਤ ਵਪਾਰ ਸਮਝੌਤੇ ਤਹਿਤ ਅਮਰੀਕੀ ਖੇਤੀ ਉਤਪਾਦਾਂ ਲਈ ਭਾਰਤੀ ਬਾਜ਼ਾਰ ਖੋਲ੍ਹ ਦੇਵੇਗੀ।

# ਕਿਤਾਬ ਦੀ ਸਮੀਖਿਆ

ਕਿਤਾਬ ਦਾ ਨਾਂ: ਮੇਰੀ ਮਾਤ੍ਰਭੂਮੀ ਜਾਗੇ
ਮੂਲ ਲੇਖਕ: ਸਕਾਟ ਮਿਲਰ
ਪ੍ਰਕਾਸ਼ਕ: ਫਰਾਰ, ਸਟ੍ਰਾਸ ਐਂਡ ਗਿਰਾਕਸ, ਨਿਊਯਾਰਕ
ਸਮੀਖਿਆਕਾਰ: ਜਸਬੀਰ ਸਿੰਘ ਕੰਗ
ਸੰਸਥਾਪਕ ਮੈਂਬਰ, ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ, ਯੂਬਾ ਸਿਟੀ, ਕੈਲੀਫ਼ੋਰਨੀਆ




ਡਾ. ਜਸਬੀਰ ਸਿੰਘ ਕੰਗ ਆਪਣੇ ਨਾਲ ਸੋਹਣ ਸਿੰਘ ਭਕਨਾ ਦੇ ਭਤੀਜੇ ਪਸ਼ੋਰਾ ਸਿੰਘ ਢਿੱਲੋਂ ਨਾਲ ਅਸਟੋਰੀਆ ਵਿੱਚ; ਸ਼ਹਿਰ ਨੇ ਮਈ 1913 ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਦੀ ਯਾਦ ਵਿੱਚ 2013 ਵਿੱਚ ਸਥਾਨਕ ਪਾਰਕ ਵਿੱਚ ਯਾਦਗਾਰੀ ਪਲੇਟ ਲਗਾਈ।

ਵੀਹਵੀਂ ਸਦੀ ਦੇ ਆਰੰਭ ਵਿੱਚ ਅਮਰੀਕਾ ਅਤੇ ਕੈਨੇਡਾ, ਵਿਸ਼ੇਸ਼ ਤੌਰ 'ਤੇ ਪੈਸਿਫਿਕ ਤੱਟੀ ਖਿੱਤਿਆਂ, ਵਿੱਚ ਜਾ ਬਸੇ ਭਾਰਤੀ ਪ੍ਰਵਾਸੀਆਂ ਅਤੇ ਉਨ੍ਹਾਂ ਵੱਲੋਂ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਬਗਾਵਤੀ ਯਤਨਾਂ 'ਤੇ ਕਈ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਇਸ ਲੰਬੀ ਪੰਗਤੀ ਵਿੱਚ ਸਕਾਟ ਮਿਲਰ ਦੀ ਕਿਤਾਬ *ਮੇਰੀ ਮਾਤ੍ਰਭੂਮੀ ਜਾਗੇ* ਆਪਣੀ ਮੌਲਿਕ ਖੋਜ ਕਾਰਨ ਵਿਲੱਖਣ ਨਜ਼ਰ ਆਉਂਦੀ ਹੈ, ਕਿਉਂਕਿ ਇਸ ਵਿੱਚ ਬ੍ਰਿਟਿਸ਼ ਦਖ਼ਲਅੰਦਾਜ਼ੀ, ਅਮਰੀਕਾ ਵਿੱਚ ਜਰਮਨ ਏਜੰਟਾਂ ਦੀ ਗਤੀਵਿਧੀ ਅਤੇ ਅਮਰੀਕੀ ਪ੍ਰਸ਼ਾਸਨ ਤੇ ਕਾਨੂੰਨਸਾਜ਼ ਸੰਸਥਾਵਾਂ ਦੀਆਂ ਗੁੰਝਲਦਾਰ ਪ੍ਰਤਿਕਿਰਿਆਵਾਂ ਨੂੰ ਸੁਚਾਰੂ ਢੰਗ ਨਾਲ ਉਜਾਗਰ ਕੀਤਾ ਗਿਆ ਹੈ।ਅਮਰੀਕੀ ਸਮਾਜ ਵਿੱਚ ਇੱਕ ਪਾਸੇ ਉਪਨਿਵੇਸ਼ਵਾਦ ਵਿਰੋਧੀ ਭਾਵਨਾ ਮੌਜੂਦ ਸੀ, ਤਾਂ ਦੂਜੇ ਪਾਸੇ ਭਾਰਤੀ ਪ੍ਰਜਾਵਾਂ ਵਿਰੁੱਧ ਕਾਫ਼ੀ ਤਿੱਖਾ ਪੱਖਪਾਤ ਵੀ ਦਿਖਾਈ ਦਿੰਦਾ ਹੈ, ਜਿਸ ਨੂੰ ਆਮ ਤੌਰ 'ਤੇ "ਐਂਟੀ-ਹਿੰਦੂ" ਰੁਝਾਨ ਦੇ ਨਾਂ ਨਾਲ ਦਰਸਾਇਆ ਗਿਆ। ਇਸ ਸੰਦਰਭ ਵਿੱਚ ਸਾਰੇ ਦੱਖਣੀ ਏਸ਼ੀਆਈ, ਜਿਨ੍ਹਾਂ ਵਿੱਚ ਵੱਡੀ ਗਿਣਤੀ ਸਿੱਖਾਂ ਦੀ ਸੀ, ਨੂੰ ਬੇਸੋਚ-ਸਮਝ "ਹਿੰਦੂ" ਲੇਬਲ ਹੇਠ ਰਖਿਆ ਗਿਆ। ਹਜ਼ਾਰਾਂ ਭਾਰਤੀ, ਜਿਨ੍ਹਾਂ ਵਿੱਚ ਬ੍ਰਿਟਿਸ਼ ਭਾਰਤੀ ਫੌਜ ਦੇ ਰਿਟਾਇਰਡ ਸਿਪਾਹੀ ਵੀ ਸ਼ਾਮਲ ਸਨ, ਵੈਨਕੂਵਰ ਅਤੇ ਹੋਰ ਪੈਸਿਫਿਕ ਤੱਟੀ ਸ਼ਹਿਰਾਂ ਵਿੱਚ ਰੋਜ਼ਗਾਰ ਅਤੇ ਬਿਹਤਰ ਜੀਵਨ ਦੀ ਖੋਜ ਵਿੱਚ ਪਹੁੰਚੇ। ਇਹ ਪ੍ਰਵਾਸੀ ਮੁੱਖ ਤੌਰ 'ਤੇ ਦੋ ਵਰਗਾਂ ਵਿੱਚ ਵੰਡੇ ਜਾ ਸਕਦੇ ਹਨ: ਇੱਕ ਪਾਸੇ ਲਾਲਾ ਹਰਦਿਆਲ, ਰਾਮ ਚੰਦਰ ਅਤੇ ਤਾਰਕਨਾਥ ਦਾਸ ਵਰਗੇ ਵਿਦਵਾਨ ਤੇ ਵਿਦਿਆਰਥੀ; ਦੂਜੇ ਪਾਸੇ ਪੰਜਾਬੀ ਮੂਲ ਦੇ ਮਜ਼ਦੂਰ ਅਤੇ ਕਿਸਾਨ—ਸੋਹਣ ਸਿੰਘ ਭਕਨਾ, ਜਵਾਲਾ ਸਿੰਘ ਅਤੇ ਬਸਾਖਾ ਸਿੰਘ ਆਦਿ। ਕੈਲੀਫ਼ੋਰਨੀਆ ਯੂਨੀਵਰਸਿਟੀ, ਬਰਕਲੇ ਜਲਦੀ ਹੀ ਭਾਰਤੀ ਵਿਦਿਆਰਥੀ ਅੰਦੋਲਨ ਦਾ ਕੇਂਦਰ ਬਣੀ ਅਤੇ ਇਸ ਬੌਧਿਕ ਹਲਚਲ ਨੇ 1913 ਦੀ ਮਈ ਵਿੱਚ ਔਰੇਗਨ ਦੇ ਮੱਛੀ ਬੰਦਰਗਾਹ ਸ਼ਹਿਰ ਅਸਟੋਰੀਆ ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਦਾ ਰੂਪ ਧਾਰਿਆ, ਬ੍ਰਿਟਿਸ਼ ਖ਼ੁਫੀਆ ਦਾਖ਼ਲੇ ਤੋਂ ਕਾਫ਼ੀ ਦੂਰ। ਮੈਂ ਖੁਦ 2023 ਵਿੱਚ ਅਸਟੋਰੀਆ ਦਾ ਦੌਰਾ ਕਰ ਕੇ ਇਸ ਅੰਦੋਲਨ ਦੇ ਜੀਵੰਤ ਤੇ ਜਨ-ਅਧਾਰਿਤ ਪ੍ਰਕਿਰਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ।

ਯੂਰਪੀ ਮੂਲ ਦੇ ਅਮਰੀਕੀ ਮਜ਼ਦੂਰਾਂ ਵੱਲੋਂ ਭਾਰਤੀ ਮਜ਼ਦੂਰਾਂ ਦਾ ਵਿਰੋਧ ਅਕਸਰ ਹਿੰਸਕ ਰੂਪ ਧਾਰ ਲੈਂਦਾ ਸੀ। 1907 ਵਿੱਚ ਬੈਲਿੰਗਹਾਮ (ਵਾਸ਼ਿੰਗਟਨ) ਵਿੱਚ ਭਾਰਤੀ ਪ੍ਰਵਾਸੀਆਂ ਨੂੰ ਹਮਲਿਆਂ ਦੇ ਰਾਹੀਂ ਸ਼ਹਿਰ ਤੋਂ ਕੱਢਿਆ ਗਿਆ, ਜਦਕਿ ਰਾਜਕਾਰੀ ਐਜੰਸੀਆਂ ਨੇ ਕਰੀਬ-ਕਰੀਬ ਨਿਸ਼ਕ੍ਰਿਯ ਭੂਮਿਕਾ ਨਿਭਾਈ। 1912 ਵਿੱਚ ਔਰੇਗਨ ਦੇ ਸੈਂਟ ਜਾਨਜ਼ ਵਿੱਚ ਵੀ ਮਿਲਤੇ-ਜੁਲਤੇ ਘਟਨਾ-ਚਕ੍ਰ ਦੁਹਰਾਏ ਗਏ। ਕਈ ਭਾਰਤੀਆਂ ਨੇ ਇਸ ਹਿੰਸਾ ਨੂੰ ਆਪਣੇ ਦੇਸ਼ ਦੀ ਗੁਲਾਮੀ ਦਾ ਸਿੱਧਾ ਨਤੀਜਾ ਸਮਝਿਆ ਅਤੇ ਅਮਰੀਕਾ ਵਿੱਚ ਦੇਖੀ ਗਈ ਆਜ਼ਾਦੀ ਅਤੇ ਖੁਸ਼ਹਾਲੀ ਨੇ ਉਨ੍ਹਾਂ ਦੇ ਮਨ ਵਿੱਚ ਭਾਰਤ ਲਈ ਵੀ ਇਹੀ ਅਜ਼ਾਦੀ ਹਾਸਲ ਕਰਨ ਦੀ ਤੀਬਰ ਲਾਲਸਾ ਜਗਾਈ, ਜਿਸ ਨੇ ਗ਼ਦਰ ਅੰਦੋਲਨ ਨੂੰ ਜਨਮ ਦਿੱਤਾ।

ਕੈਨੇਡਾ ਵਿੱਚ ਭੀ ਕੌਮੀਅਤ-ਅਧਾਰਿਤ ਭੇਦਭਾਵ ਨੂੰ "ਕੰਟਿਨਿਊਅਸ ਜਰਨੀ" ਨਿਯਮ ਰਾਹੀਂ ਕਾਨੂੰਨੀ ਜਾਮਾ ਪਹਿਨਾਇਆ ਗਿਆ, ਜਿਸ ਕਰਕੇ ਭਾਰਤ ਤੋਂ ਨਵੀਂ ਆਬਾਦਕਾਰੀ ਲਗਭਗ ਅਸੰਭਵ ਹੋ ਗਈ। 1914 ਦੀ ਕੋਮਾਗਾਟਾ ਮਾਰੂ ਘਟਨਾ—ਸਿੱਖ ਉਦਯੋਗਪਤੀ ਗੁਰਦਿੱਤ ਸਿੰਘ ਦੀ ਅਗਵਾਈ ਹੇਠ—ਇਸ ਅਨਿਆਏ ਦੀ ਪ੍ਰਤੀਕਕ ਘਟਨਾ ਵਜੋਂ ਇਤਿਹਾਸ ਵਿਚ ਦਰਜ ਹੈ, ਜਿੱਥੇ ਸੈਂਕੜੇ ਯਾਤਰੀਆਂ ਨੂੰ ਕਿਨਾਰੇ ਲੱਗਣ ਤੋਂ ਇਨਕਾਰ ਕਰਕੇ ਜ਼ਬਰਦਸਤੀ ਵਾਪਸ ਭੇਜਿਆ ਗਿਆ।

ਮਿਲਰ ਬ੍ਰਿਟਿਸ਼ ਜਾਸੂਸ ''ਜੌਨ ਹੋਪਕਿਨਸਨ'' ਦੇ ਉਸ ਜਾਸੂਸੀ ਜਾਲ ਦਾ ਵਿਸਥਾਰ ਨਾਲ ਵੇਰਵਾ ਕਰਦਾ ਹੈ, ਜੋ ਕੈਨੇਡਾਈ ਖੁਫੀਆ ਐਜੰਸੀਆਂ ਨਾਲ ਸਹਯੋਗ ਵਿੱਚ ਕਾਇਮ ਕੀਤਾ ਗਿਆ ਸੀ। ਇਸ ਸੰਦਰਭ ਵਿੱਚ ਮੀਵਾ ਸਿੰਘ ਦੁਆਰਾ ਹੋਪਕਿਨਸਨ ਦੀ ਹੱਤਿਆ ਨੂੰ ਲੇਖਕ ਨੇ ਇੱਕ ਗੰਭੀਰ ਨੈਤਿਕ ਸੰਘਰਸ਼ ਅਤੇ ਦੇਸ਼ਭਗਤੀ ਭਾਵਨਾ ਨਾਲ ਜੋੜ ਕੇ ਵਿਵੇਚਿਆ ਹੈ, ਜਿਸ ਨਾਲ ਘਟਨਾ ਨੂੰ ਸਿਰਫ਼ ਹਿੰਸਾ ਨਹੀਂ, ਸੱਚਾਈ ਦੀ ਅਪੀਲ ਵਜੋਂ ਵੀ ਦੇਖਿਆ ਜਾ ਸਕਦਾ ਹੈ।

ਗ਼ਦਰ ਪਾਰਟੀ ਦੇ ਸਿਧਾਂਤਕ ਨਿਰਮਾਤਿਆਂ ਵਿੱਚੋਂ ਇੱਕ, ਲਾਲਾ ਹਰਦਿਆਲ, ਕਿਤਾਬ ਵਿੱਚ ਬਹੁਤ ਹੀ ਜੀਵੰਤ ਅੰਦਾਜ਼ ਨਾਲ ਸਾਹਮਣੇ ਆਉਂਦਾ ਹੈ। ਉਸ ਦੀ ਬੌਧਿਕ ਚਮਕ ਅਤੇ ਪ੍ਰਵਚਨ-ਸ਼ਕਤੀ ਕੇਂਦਰੀ ਸਥਾਨ ਰੱਖਦੀ ਹੈ ਅਤੇ ਉਹ ਜਰਮਨ ਏਜੰਟਾਂ ਨਾਲ ਮਿਲ ਕੇ ਬ੍ਰਿਟਿਸ਼ ਭਾਰਤੀ ਫੌਜ ਵਿੱਚ ਬਗਾਵਤ ਭੜਕਾਉਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ। ਪਰ ਬ੍ਰਿਟਿਸ਼ ਵਿਰੋਧੀ-ਜਾਸੂਸੀ ਤਕੜੀਆਂ ਨੇ ਹਥਿਆਰ ਅਤੇ ਰਾਸ਼ੀ ਦੇ ਪ੍ਰਵਾਹ ਨੂੰ ਨਿਸ਼ਾਨਾ ਬਣਾ ਕੇ ਇਸ ਯਤਨ ਨੂੰ ਖ਼ਾਸਾ ਨੁਕਸਾਨ ਪਹੁੰਚਾਇਆ। ਬ੍ਰਿਟਿਸ਼ ਜਾਸੂਸੀ ਜਾਲ ਦੇ ਚੁਪੀਤਰੇ ਦਾਖ਼ਲੇ ਤੋਂ ਬਾਅਦ ਹਰਦਿਆਲ ਬਰਲਿਨ ਰਵਾਨਾ ਹੋ ਜਾਂਦਾ ਹੈ ਅਤੇ ਸੰਗਠਨ ਦੀ ਬਾਗਡੋਰ ਰਾਮ ਚੰਦਰ ਸੰਭਾਲਦਾ ਹੈ, ਹਾਲਾਂਕਿ ਹਥਿਆਰ ਭੇਜਣ ਦੀ ਯੋਜਨਾ ਆਖ਼ਰਕਾਰ ਅਸਫਲ ਰਹਿੰਦੀ ਹੈ।

1914 ਦੇ ਆਸ-ਪਾਸ ਅਨੇਕ ਗ਼ਦਰੀ ਕਰਾਂਤੀਕਾਰੀਆਂ—ਜ਼ਿਆਦਾਤਰ ਸਿੱਖ ਜਵਾਨ—ਭਾਰਤ ਵਾਪਸ ਚਲੇ ਗਏ, ਤਾਂ ਕਿ ਹਥਿਆਰਬੰਦ ਬਗਾਵਤ ਰਾਹੀਂ ਆਜ਼ਾਦੀ ਦੀ ਲੜਾਈ ਨੂੰ ਤੀਬਰ ਕੀਤਾ ਜਾ ਸਕੇ। ਉਨ੍ਹਾਂ ਦੀ ਹਿੰਮਤ ਅਤੇ ਬਲੀਦਾਨ ਬੇਮਿਸਾਲ ਸਨ, ਪਰ ਕਮਜ਼ੋਰ ਸਹਿ-ਸੰਯੋਜਨ ਅਤੇ ਬ੍ਰਿਟਿਸ਼ਾਂ ਦੇ ਗਹਿਰੇ ਜਾਸੂਸੀ ਜਾਲ ਨੇ ਇਸ ਉਭਾਰ ਨੂੰ ਕੁਚਲ ਕੇ ਰੱਖ ਦਿੱਤਾ। ਇਸ ਤੋਂ ਬਾਅਦ ਹੋਏ ਲਾਹੌਰ ਸਾਜ਼ਿਸ਼ ਕੇਸਾਂ ਵਿੱਚ ਕਈਆਂ ਨੂੰ ਫ਼ਾਂਸੀਆਂ ਅਤੇ ਕਈਆਂ ਨੂੰ ਅੰਡੇਮਾਨ ਦੀ ਕਾਲੀ ਕੋਠੜੀਆਂ ਵਿੱਚ ਜ਼ਿਲਾਵਤਾਂ ਦਿੱਤੀਆਂ ਗਈਆਂ; ਫਿਰ ਵੀ ਇਹ ਅਸਫਲ ਬਗਾਵਤ ਭਾਰਤੀ ਆਜ਼ਾਦੀ ਸੰਘਰਸ਼ ਦੀ ਅਗਲੀ ਪੀੜ੍ਹੀ ਲਈ ਪ੍ਰੇਰਣਾ ਦਾ ਸੂਤਰ ਬਣੀ ਰਹੀ।

ਜਦੋਂ ਅਮਰੀਕਾ ਪਹਿਲੇ ਵਿਸ਼ਵ ਯੁੱਧ ਵਿੱਚ ਬ੍ਰਿਟੇਨ ਦੇ ਸਾਥੀ ਵਜੋਂ ਉੱਤਰਿਆ, ਤਾਂ ਜਰਮਨ ਅਤੇ ਭਾਰਤੀ ਕ੍ਰਾਂਤੀਕਾਰੀ ਗਤੀਵਿਧੀਆਂ ਬਾਰੇ ਅਮਰੀਕੀ ਜਾਂਚ ਏਜੰਸੀਆਂ ਦੀ ਸਰਗਰਮੀ ਹੋਰ ਵੀ ਤੇਜ਼ ਹੋ ਗਈ। ਸੈਨ ਫ੍ਰਾਂਸਿਸਕੋ ਵਿੱਚ ਹੋਏ "ਹਿੰਦੂ–ਜਰਮਨ ਸਾਜ਼ਿਸ਼ ਮਾਮਲੇ" ਵਿੱਚ ਕਈ ਜਰਮਨ ਏਜੰਟਾਂ ਦੇ ਨਾਲ ਅਠਾਰਾਂ ਗ਼ਦਰ ਨੇਤਾ ਵੀ ਦੋਸ਼ੀ ਕਰਾਰ ਦਿੱਤੇ ਗਏ। ਅਦਾਲਤੀ ਕਾਰਵਾਈ ਦੌਰਾਨ ਓਹ ਦੁਖਦਾਈ ਮੋੜ ਵੀ ਆਇਆ, ਜਦੋਂ ਰਾਮ ਸਿੰਘ ਨੇ ਅਦਾਲਤ ਅੰਦਰ ਹੀ ਰਾਮ ਚੰਦਰ ਨੂੰ ਗੋਲੀ ਮਾਰ ਦਿੱਤੀ, ਜਿਸ ਨਾਲ ਇਹ ਸੰਘਰਸ਼ ਇਕ ਅੰਦਰੂਨੀ ਵਿਗ੍ਰਹ ਅਤੇ ਨਿਰਾਸ਼ਾ ਦੇ ਬੋਝ ਨਾਲ ਹੋਰ ਵੀ ਭਾਰਾ ਹੋ ਗਿਆ।

ਮਿਲਰ ਵਿਸ਼ਵ ਯੁੱਧ ਦੇ ਸੰਦਰਭ ਵਿੱਚ ਬ੍ਰਿਟਿਸ਼ ਅਤੇ ਜਰਮਨ ਹਿੱਤਾਂ ਦੇ ਟਕਰਾਅ ਨੂੰ ਵੀ ਖੋਲ੍ਹ ਕੇ ਵੇਖਦਾ ਹੈ—ਬ੍ਰਿਟਿਸ਼ ਭਾਰਤੀ ਫੌਜ ਵਿੱਚ ਪੰਜਾਬੀ ਸਿਪਾਹੀਆਂ ਦੀ ਵੱਡੀ ਭੂਮਿਕਾ ਦੇ ਮੁਕਾਬਲੇ ਜਰਮਨੀ ਦੀ ਇਹ ਯੋਜਨਾ ਸੀ ਕਿ ਭਾਰਤ ਵਿੱਚ ਬਗਾਵਤਾਂ ਭੜਕਾ ਕੇ ਬ੍ਰਿਟਿਸ਼ ਫੌਜਾਂ ਨੂੰ ਘਰੇ ਹੀ ਫਸਾਇਆ ਜਾਵੇ। ਇਸ ਪਟਕਥਾ ਵਿੱਚ ਗ਼ਦਰੀਆਂ ਦਾ ਮੁੱਖ ਲਕਸ਼ ਭਾਰਤੀ ਉਪਮਹਾਦੀਪ ਨੂੰ ਹਥਿਆਰਬੰਦ ਕ੍ਰਾਂਤੀ ਰਾਹੀਂ ਗੁਲਾਮੀ ਤੋਂ ਮੁਕਤ ਕਰਨਾ ਸੀ।

ਕਿਤਾਬ ਦੇ ਮਹੱਤਵਪੂਰਨ ਅੰਸ਼ਾਂ ਵਿੱਚੋਂ ਇੱਕ, ਅਮਰੀਕੀ ਨਸਲਵਾਦੀ ਪ੍ਰਵਾਸ ਨੀਤੀਆਂ ਦਾ ਵਿਸ਼ਲੇਸ਼ਣ ਹੈ। 1917 ਦਾ "ਏਸ਼ੀਆਈ ਰੋਕ ਖੇਤਰ ਕਾਨੂੰਨ" (Asiatic Barred Zone Act) ਕਿਸ ਹੱਦ ਤੱਕ ਭਾਰਤੀ ਆਜ਼ਾਦੀ ਸੈਨਾਨੀਆਂ ਨੂੰ ਕਮਜ਼ੋਰ ਦਰਸਾਉਣ ਲਈ ਬ੍ਰਿਟਿਸ਼ ਦਬਾਅ ਦਾ ਨਤੀਜਾ ਸੀ, ਇਸ ਨੂੰ ਲੇਖਕ ਨੇ ਤਥਿਆਂ ਦੀ ਰੌਸ਼ਨੀ ਵਿੱਚ ਸਮਝਾਇਆ ਹੈ। ਕੈਲੀਫ਼ੋਰਨੀਆ ਦੇ ਕਾਂਗਰੈਸਮੈਨ ਰੇਕਰ ਦੁਆਰਾ 1912 ਵਿੱਚ ਪੇਸ਼ ਕੀਤੀ ਗਈ ਵਿਤਕਰਾਪੂਰਣ ਕਾਨੂੰਨਸਾਜ਼ੀ ਦਾ ਜ਼ਿਕਰ ਵੀ ਇਸ ਸੰਦਰਭ ਵਿੱਚ ਉਚਿਤ ਤਰੀਕੇ ਨਾਲ ਜੁੜਿਆ ਗਿਆ ਹੈ। ਭਗਤ ਸਿੰਘ ਥਿੰਦ—ਗ਼ਦਰ ਕਰਾਂਤੀਕਾਰੀ ਅਤੇ ਪਹਿਲੇ ਵਿਸ਼ਵ ਯੁੱਧ ਦਾ ਅਮਰੀਕੀ ਭੂ-ਯੋਧਾ—ਭਾਰਤ ਵਾਪਸ ਜਾਣ ਦੀ ਥਾਂ ਅਮਰੀਕੀ ਨਾਗਰਿਕਤਾ ਲਈ ਸੰਵੈਧਾਨਕ ਅਤੇ ਕਾਨੂੰਨੀ ਮੈਦਾਨ ਵਿੱਚ ਲੰਮੀ ਜੰਗ ਲੜਦਾ ਹੈ, ਜਿਸ ਨੂੰ ਮਿਲਰ ਨੇ ਖਾਸੇ ਮਨੋਵੇਗੀ ਅਤੇ ਦਸਤਾਵੇਜ਼ੀ ਢੰਗ ਨਾਲ ਦਰਸਾਇਆ ਹੈ।

1946 ਦੇ ਲੂਸ–ਸੈਲਰ ਐਕਟ ਰਾਹੀਂ ਭਾਰਤੀਆਂ ਲਈ ਸੀਮਿਤ ਨਾਗਰਿਕਤਾ ਦੇ ਰਾਹ ਖੁੱਲ੍ਹਦੇ ਹਨ—ਸਾਲਾਨਾ ਸਿਰਫ਼ 100 ਪ੍ਰਵਾਸੀਆਂ ਦੀ ਕੋਟਾ ਦੇ ਨਾਲ—ਪਰ ਸੱਚੇ ਅਰਥਾਂ ਵਿੱਚ ਨਸਲੀ ਕੋਟਿਆਂ ਦਾ ਅੰਤ ਅਤੇ ਬਰਾਬਰੀ ਦਾ ਰਸਤਾ 1965 ਦੇ ਇਮੀਗ੍ਰੇਸ਼ਨ ਐਂਡ ਨੈਸ਼ਨਲਿਟੀ ਐਕਟ ਨਾਲ ਹੀ ਸੁਗੰਮ ਹੁੰਦਾ ਹੈ, ਜਿਸ ਨੇ ਰਾਸ਼ਟਰੀ ਮੂਲ-ਅਧਾਰਿਤ ਪਾਬੰਦੀਆਂ ਨੂੰ ਰੱਦ ਕਰ ਦਿੱਤਾ।

ਇੰਨੀ ਗਹਿਰਾਈ ਦੇ ਬਾਵਜੂਦ, *ਮੇਰੀ ਮਾਤ੍ਰਭੂਮੀ ਜਾਗੇ* ਸਟਾਕਟਨ ਗੁਰਦੁਆਰੇ ਦੀ ਕੇਂਦਰੀ ਭੂਮਿਕਾ ਨੂੰ ਉਤਨਾ ਸਥਾਨ ਨਹੀਂ ਦਿੰਦੀ, ਜਿੰਨਾ ਉਹ ਹੱਕਦਾਰ ਹੈ। ਇਸ ਗੁਰਦੁਆਰੇ ਵਿੱਚ ਸੰਭਾਲ ਕੇ ਰੱਖੇ ਗਏ ਅਰਕੀਵ ਅਤੇ ਗ਼ਦਰ ਪਾਰਟੀ ਦਾ ਮੁੱਢਲਾ ਪ੍ਰਿੰਟਿੰਗ ਪ੍ਰੈੱਸ ਭਵਿੱਖੀ ਖੋਜ ਲਈ ਮਹੱਤਵਪੂਰਨ ਸਰੋਤ ਹਨ, ਜਿਨ੍ਹਾਂ 'ਤੇ ਹੋਰ ਵਿਸ਼ਲੇਸ਼ਣ ਦੀ ਲੋੜ ਹੈ। ਇਸ ਤੋਂ ਇਲਾਵਾ, ਮਿਲਰ ਵੱਲੋਂ 1914 ਵਿੱਚ ਕਰੀਬ ਇੱਕ ਹਜ਼ਾਰ ਮਜ਼ਦੂਰਾਂ ਦੇ ਭਾਰਤ ਵਾਪਸੀ ਦੇ ਅਨੁਮਾਨ ਨੂੰ ਕਈ ਹੋਰ ਸਰੋਤ ਘੱਟ ਦਿਖਾਉਂਦੇ ਹਨ, ਜਿੱਥੇ 7–8 ਹਜ਼ਾਰ ਤੱਕ ਦੀ ਗਿਣਤੀ ਦਰਸਾਈ ਗਈ ਹੈ; ਇਨ੍ਹਾਂ ਵਿੱਚ *ਨਿਊਯਾਰਕ ਟਾਈਮਜ਼* ਵੱਲੋਂ ਵਾਇਸਰਾਇ ਲਾਰਡ ਹਾਰਡਿੰਗ ਨਾਲ ਕੀਤੇ ਗਏ ਇੰਟਰਵਿਊ ਦਾ ਹਵਾਲਾ ਵੀ ਸ਼ਾਮਲ ਹੈ।

ਗੰਭੀਰ ਪਾਠਕ ਲਈ ਕਿਤਾਬ ਦਾ ਇੱਕ ਹੋਰ ਮੱਤਵਪੂਰਨ ਸੂਤਰ ਇਹ ਹੈ ਕਿ ਆਮ ਮਜ਼ਦੂਰ ਅਤੇ ਕਿਸਾਨ ਆਪਣੀ ਨਿਸ਼ਕਲੰਕ ਨਿਸ਼ਠਾ ਅਤੇ ਅਸਧਾਰਣ ਬਲੀਦਾਨਾਂ ਰਾਹੀਂ ਉੱਭਰਦੇ ਹਨ, ਜਦਕਿ ਕੁਝ ਬੌਧਿਕ ਆਗੂ ਸਮੇਂ ਦੇ ਦਬਾਅ ਹੇਠ ਸਮਝੌਤਿਆਂ ਦੇ ਰਸਤੇ ਤੇ ਨਜ਼ਰ ਆਉਂਦੇ ਹਨ। ਲਾਲਾ ਹਰਦਿਆਲ ਦੀ ਬ੍ਰਿਟਿਸ਼ ਸੱਤਾ ਪ੍ਰਤੀ ਇਖ਼ਲਾਕੀ ਦਵਿਧਾ ਅਤੇ ਆਖ਼ਰਕਾਰ ਹੋਏ ਸਮਝੌਤੇ ਨੇ ਉਸ ਦੀ ਛਵੀ ਨੂੰ ਕਾਫ਼ੀ ਪੇਚੀਦਾ ਬਣਾ ਦਿੱਤਾ ਹੈ।

ਕਿਤਾਬ ਚ ਬਰਕਲੇ ਸ਼ਹਿਰ ਦੁਆਰਾ ਕਾਲਾ ਬਾਗਾਈ ਦੇ ਨਾਂ 'ਤੇ ਰਸਤੇ ਦਾ ਨਾਂਕਰਨ ਹੋਣ ਤੋਂ ਬਾਅਦ ਉੱਠੇ ਇਸ ਪ੍ਰਸ਼ਨ ਨੂੰ ਵੀ ਛੂਹਦੀ ਹੈ ਕਿ ਕੀ ਉਸ ਦੇ ਪਤੀ ਮਿਸਟਰ ਬਾਗਾਈ ਦੀ ਕਥਿਤ ਬ੍ਰਿਟਿਸ਼-ਪ੍ਰੋ ਏਜੰਸੀ ਦੇ ਪ੍ਰਕਾਸ਼ ਵਿੱਚ ਇਸ ਫੈਸਲੇ ਦਾ ਮੁੜ ਸਵੇਖਣ ਨਹੀਂ ਹੋਣਾ ਚਾਹੀਦਾ। ਸ਼ਾਇਦ ਦੱਖਣੀ ਏਸ਼ੀਆਈ ਮੂਲ ਦੀ ਕਿਸੇ ਹੋਰ ਸੰਗਰਸ਼ਸ਼ੀਲ ਅਤੇ ਪ੍ਰਤੀਕਾਤਮਕ ਮਹਿਲਾ ਸ਼ਖਸੀਅਤ ਨੂੰ ਇਹ ਸਨਮਾਨ ਮਿਲ ਸਕਦਾ ਸੀ। ਸਮੁੱਚੇ ਤੌਰ 'ਤੇ *ਮੇਰੀ ਮਾਤ੍ਰਭੂਮੀ ਜਾਗੇ* ਅਰੰਭਕ ਭਾਰਤੀ ਡਾਇਸਪੋਰਾ ਦੇ ਰਾਜਨੀਤਿਕ ਜਾਗਰੂਕਤਾ, ਗ਼ਦਰ ਅੰਦੋਲਨ, ਅਤੇ ਉੱਤਰੀ ਅਮਰੀਕਾ ਵਿੱਚ ਨਾਗਰਿਕਤਾ ਅਤੇ ਬਰਾਬਰੀ ਲਈ ਲੰਬੇ ਸੰਘਰਸ਼ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਅਤੇ ਦੂਰਦਰਸੀ ਅਧਿਐਨ ਵਜੋਂ ਸਾਹਮਣੇ ਆਉਂਦੀ ਹੈ।



ਫਿਨਿਸ਼ ਸੋਸ਼ਲਿਸਟ ਹਾਲ, ਅਸਟੋਰੀਆ, ਜਿੱਥੇ 1913 ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਹੋਈ ਸੀ।

# ਸੁਰ ਤੇ ਤਾਲ ਦਾ ਰੌਸ਼ਨ ਚਿਰਾਗ ਫਿਰੋਜ਼ ਖਾਨ



**ਰਘਬੀਰ ਚੰਗਾਲ**

ਪੰਜਾਬੀ ਗੀਤ ਸੰਗੀਤ ਵਿੱਚ ਕੁਝ ਕੁ ਉਂਗਲਾਂ 'ਤੇ ਗਿਣੇ ਜਾਣ ਵਾਲੇ ਸੁਰ ਤਾਲ ਦੇ ਧਨੀ ਗਾਇਕਾਂ ਵਿੱਚ ਫਿਰੋਜ਼ ਖਾਨ ਦਾ ਨਾਂ ਰੌਸ਼ਨ ਚਿਰਾਗ ਵਾਂਗ ਚਮਕਦਾ ਹੈ। ਨਿੱਕੀ ਜਿਹੀ ਉਮਰੇ ਉਸ ਦੀ ਪਲੇਠੀ ਐਲਬਮ 'ਤੇਰੀ ਮੈਂ ਹੋ ਨਾ ਸਕੀ' ਮਾਰਕੀਟ ਵਿੱਚ ਆਈ। ਜੈ ਦੇਵ ਕੁਮਾਰ ਦੇ ਸੰਗੀਤ 'ਚ ਤੇ ਸਾਗਾ ਕੰਪਨੀ ਦੇ ਮਾਧਿਅਮ ਰਾਹੀਂ ਰਿਲੀਜ਼ ਹੋਈ ਇਸ ਕੈਸੇਟ ਨੇ ਉਸ ਨੂੰ ਅਜਿਹੀ ਪਛਾਣ ਦਿੱਤੀ ਕਿ ਉਸ ਦਾ ਨਾਂ ਪੰਜਾਬ ਦੇ ਚੋਟੀ ਦੇ ਕਲਾਕਾਰਾਂ 'ਚ ਸ਼ੁਮਾਰ ਹੋ ਗਿਆ।

ਉਸ ਨੇ ਫੋਕੀ ਸ਼ੁਹਰਤ ਤੇ ਰਾਤੋ ਰਾਤ ਸਟਾਰ ਬਣਨ ਦੇ ਭਰਮ ਭੁਲੇਖੇ ਪਾਲਣ ਨੂੰ ਕਦੇ ਤਰਜੀਹ ਨਹੀਂ ਦਿੱਤੀ ਤੇ ਨਾ ਹੀ ਕੋਈ ਹਲਕਾ ਗੀਤ ਗਾਉਣ ਲਈ ਕੋਈ ਵਪਾਰਕ ਸਮਝੌਤਾ ਕੀਤਾ ਹੈ। ਸਮਾਜਿਕ ਰਿਸ਼ਤਿਆਂ ਦਾ ਨਿੱਘ ਦਿੰਦੇ ਗੀਤਾਂ ਨੂੰ ਗਾ ਕੇ ਉਹ ਰੂਹਾਨੀ ਸਕੂਨ ਪ੍ਰਾਪਤ ਹੋ ਜਾਣ ਦੀ ਗੱਲ ਦੱਸਦਾ ਹੈ। 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜ੍ਹਕ ਦੇ ਨਾਲ' ਪੰਜਾਬੀ ਕਹਾਵਤ ਫਿਰੋਜ਼ ਦੀ ਫਿਤਰਤ ਦੀ ਕਸਵੱਟੀ 'ਤੇ ਖਰੀ ਉਤਰਦੀ ਹੈ। ਉਸ ਨੇ ਭਾਵੇਂ ਘੱਟ ਗਾਇਆ ਹੈ, ਪਰ ਜੋ ਗਾਇਆ ਹੈ ਪਾਏਦਾਰ ਹੀ ਗਾਇਆ ਹੈ।

ਫਿਰੋਜ਼ ਖਾਨ ਨੂੰ ਵਕਤ ਦੇ ਵਾਵਰੋਲਿਆਂ ਤੋਂ ਬਚਾਉਣ ਲਈ ਗੀਤਕਾਰ ਤੇ ਪੇਸ਼ਕਾਰ ਹਰਜਿੰਦਰ ਬੱਲ ਨੇ ਪਾਣੀ ਭਿੱਜੀ ਲੱਠੇ ਦੀ ਚਾਦਰ ਤਾਣ ਕੇ ਇਸ ਅਲੂਣੇ ਜਿਹੇ ਬੋਟ ਦੀ ਰਾਖੀ ਕੀਤੀ ਹੈ। ਸੰਗੀਤਕਾਰ ਤੇਜਵੰਤ ਕਿੱਟੂ ਤੇ ਜੈ ਦੇਵ ਕੁਮਾਰ ਦੀ ਸੰਗੀਤਕ ਸੂਝ ਵੀ ਕੁਦਰਤ ਦੀ ਅਮੁੱਲੀ ਦਾਤ ਵਾਂਗ ਇਸ ਕਲਾਕਾਰ ਨੂੰ ਨਸੀਬ ਹੋਈ ਹੈ। ਫਿਰੋਜ਼ ਖਾਨ ਦੀ ਐਲਬਮ 'ਦਰਦ ਜੁਦਾਈਆਂ ਦੇ' ਵੀ ਜੈ ਦੇਵ ਕੁਮਾਰ ਦੇ ਸੰਗੀਤ 'ਚ ਆਈ ਸੀ। ਟਾਈਟਲ ਗੀਤ 'ਦਰਦ ਜੁਦਾਈਆਂ ਦੇ' ਪਹਿਲੀ ਕੈਸੇਟ ਦੇ ਗੀਤ 'ਤੇਰੀ ਮੈਂ ਹੋ ਨਾ ਸਕੀ' ਦੇ ਸੰਗੀਤ ਰਸ ਤੇ ਸ਼ਬਦਾਂ ਦੇ ਤਾਣੇ ਬਾਣੇ ਦੇ ਕਿਸੇ ਅਗਲੇ ਪੜਾਅ ਦਾ ਅਹਿਸਾਸ ਕਰਵਾਉਂਦਾ ਹੈ ਤੇ ਫਿਰੋਜ਼ ਦੀ ਗਾਇਕੀ ਦਾ ਜਾਦੂ ਸਰੋਤੇ ਦੇ ਸਿਰ ਚੜ੍ਹ ਕੇ ਬੋਲਦਾ ਹੈ। ਬਚਨ ਬੇਦਿਲ ਦੀ ਕਲਮ ਤੋਂ ਰਚਿਆ ਗੀਤ 'ਤੂੰ ਵੀ ਮਜਬੂਰ ਅੱਜ ਮੈਂ ਵੀ ਮਜਬੂਰ' ਫਿਰੋਜ਼ ਖਾਨ ਨੂੰ ਪਾਇਆ ਇੱਕ ਸੰਗੀਤਕ ਪਰਚਾ ਸੀ ਜਿਸ ਵਿੱਚੋਂ ਉਹ 100 ਫੀਸਦੀ ਅੰਕ ਪ੍ਰਾਪਤ ਕਰਕੇ ਪਾਸ ਹੀ ਨਹੀਂ ਹੋਇਆ, ਸਗੋਂ ਗੋਲਡ ਮੈਡਲ ਜਿੱਤਣ ਦਾ ਹੱਕਦਾਰ ਬਣਿਆ। ਉਸ ਦੀ ਐਲਬਮ 'ਬੰਦ ਬੋਤਲੇ' ਨੇ ਵੀ ਉਸ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਦੁਆਈ। ਇਸ ਐਲਬਮ ਦੇ ਗੀਤ 'ਪਿਆਰ ਦੀ ਦੁਹਾਈ' ਤੇ 'ਦਿਲ ਵਾਲੀ ਪੀੜ' ਨੇ ਅਜਿਹੇ ਕੀਰਤੀਮਾਨ ਸਥਾਪਿਤ ਕੀਤੇ ਕਿ ਪੰਜਾਬੀ ਸੰਗੀਤ ਜਗਤ ਵਿੱਚ ਫਿਰੋਜ਼ ਦੀ ਅਜਿਹੀ ਧੂਮ ਮੱਚੀ ਕਿ ਉਸ ਲਈ ਫਿਲਮ ਜਗਤ ਵਿੱਚ ਬਤੌਰ ਗਾਇਕ ਸਿੱਧਾ ਪ੍ਰਵੇਸ਼ ਮਿਲ ਗਿਆ। ਉਹ ਪੰਜਾਬੀ ਫਿਲਮਾਂ ਦੇ ਸਫਲ ਪਿੱਠਵਰਤੀ ਗਾਇਕ ਵੱਜੋਂ ਪ੍ਰਵਾਨ ਚੜ੍ਹਿਆ। ਉਸ ਨੇ ਪੰਜਾਬੀ ਫਿਲਮਾਂ 'ਯਾਰਾਂ ਨਾਲ ਬਹਾਰਾਂ', 'ਮਹਿੰਦੀ ਵਾਲੇ ਹੱਥ', 'ਬਾਗੀ', 'ਮੰਨਤ', 'ਗੱਭਰੂ ਪੰਜਾਬ ਦੇ', 'ਯਾਰੀਆਂ' ਤੇ 'ਮਿੱਠੀਆਂ ਜੇਲ੍ਹਾਂ' ਵਿੱਚ ਸਫਲ ਪਿੱਠਵਰਤੀ ਗਾਇਕ ਦਾ ਮਾਣ ਹਾਸਲ ਕੀਤਾ। ਫਿਲਮ 'ਯਾਰੀਆਂ' ਵਿੱਚ ਉਸ ਨੇ ਗੁਰਦਾਸ ਮਾਨ ਨਾਲ 'ਵਤਨੋਂ ਦੂਰ ਲੱਗੇ ਨੇ ਮੇਲੇ' ਗਾਇਆ ਹੈ। ਉਸ ਨੇ ਹਿੰਦੀ ਫਿਲਮ 'ਲੰਡਨ ਡਰੀਮਜ਼' ਵਿੱਚ ਹਿੰਦੀ ਗੀਤ 'ਟਪਕੇ ਮਸਤੀ' ਵੀ ਗਾਇਆ ਹੈ। ਉਸ ਨੇ ਮਾਰਕੀਟ ਵਿੱਚ ਚੱਲ ਰਹੇ ਬੇਹੂਦਾ ਤੇ ਤੜਕ ਭੜਕ ਵਾਲੇ ਗੀਤਾਂ ਨੂੰ ਕਦੇ ਆਪਣੇ ਨੇੜੇ ਫਟਕਣ ਨਹੀਂ ਦਿੱਤਾ। ਉਸ ਨੇ ਕਦੇ ਵਪਾਰਕ ਪੱਖ ਅੱਗੇ ਰੱਖ ਕੇ ਨੀਵੇਂ ਪੱਧਰ ਦਾ ਕੋਈ ਸਮਝੌਤਾ ਨਹੀਂ ਕੀਤਾ।

ਉਸ ਦੀ ਐਲਬਮ 'ਚਿੱਟੀਆਂ ਵੰਗਾਂ' ਨੇ ਸ਼ੁਹਰਤ ਦੀਆਂ ਬੁਲੰਦੀਆਂ ਨੂੰ ਛੂਹਣ ਦਾ ਸੁਨਹਿਰੀ ਮੌਕਾ ਦਿੱਤਾ ਹੈ। ਬੀਤੇ ਸਮੇਂ ਦੌਰਾਨ ਉਸ ਦੀ ਐਲਬਮ 'ਦਿਲ ਦੀ ਦੀਵਾਨਗੀ' ਵਿੱਚ ਉਹ ਦੋ ਗੀਤਾਂ 'ਗੱਡੀ ਤੇ ਨੱਚੀ' ਅਤੇ 'ਖੜਕਾ ਦੜਕਾ' ਦੀ ਬਦੌਲਤ ਰਾਹੋਂ ਭਟਕ ਗਿਆ ਜਾਪਿਆ, ਜਿਸ ਕਰਕੇ ਉਸ ਨੂੰ ਸੁਹਿਰਦ ਸਰੋਤਿਆਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਉਸ ਦਾ ਗਾਇਆ 'ਮਾਵਾਂ ਚੇਤੇ ਆਉਂਦੀਆਂ ਨੇ' ਗੀਤ ਉਸ ਦੇ ਹੁਣ ਤੀਕ ਦੇ ਗਾਏ ਗੀਤਾਂ 'ਚੋਂ ਸਭ ਤੋਂ ਵਧੇਰੇ ਪਸੰਦ ਕੀਤਾ ਜਾਣ ਵਾਲਾ ਗੀਤ ਹੈ। ਇਸ ਗੀਤ ਵਿੱਚ ਸ਼ਾਇਰ ਨੇ ਸਮਾਜਿਕ ਰਿਸ਼ਤਿਆਂ ਦੀਆਂ ਮੋਹ ਤੀਆਂ ਤੰਦਾਂ ਦਾ ਬਾਖ਼ੂਬੀ ਜ਼ਿਕਰ ਕੀਤਾ ਹੈ ਜਿਸ ਨੂੰ ਫਿਰੋਜ਼ ਨੇ ਸੋਜ਼ ਭਰੀ ਆਵਾਜ਼ ਵਿੱਚ ਗਾ ਕੇ ਮੀਲ ਪੱਥਰ ਕਾਇਮ ਕੀਤਾ ਹੈ। ਨੱਚਣ ਟੱਪਣ ਵਾਲੇ ਗੀਤਾਂ ਨਾਲ ਫਿਰੋਜ਼ ਨੇ ਉਨ੍ਹਾਂ ਆਲੋਚਕਾਂ ਦਾ ਮੂੰਹ ਬੰਦ ਕੀਤਾ ਹੈ, ਜਿਹੜੇ ਉਸ ਨੂੰ ਉਦਾਸ ਗੀਤਾਂ ਦਾ ਗਾਇਕ ਆਖਦੇ ਆ ਰਹੇ ਸਨ। ਜਦੋਂ ਕੈਸੇਟ ਕਲਚਰ ਦਮ ਤੋੜ ਗਿਆ ਤਾਂ ਉਸ ਨੇ ਵੀ ਸਿੰਗਲ ਟਰੈਕ ਨਾਲ ਆਪਣੀ ਗਾਇਕੀ ਦਾ ਸਫ਼ਰ ਜਾਰੀ ਰੱਖਿਆ ਹੋਇਆ ਹੈ। ਉਸ ਵੱਲੋਂ ਗਾਇਕ ਭਜਨ 'ਕ੍ਰਿਸ਼ਨਾ ਤੇਰੀ ਮੁਰਲੀ 'ਤੇ ਕੌਣ ਨਹੀਂ ਨੱਚਦਾ' ਖਰਾ ਉਤਰਦਾ ਹੈ। ਗਾਇਕਾ ਗੁਰਲੇਜ਼ ਅਖ਼ਤਰ ਨਾਲ ਗਾਇਆ ਦੋਗਾਣਾ 'ਲਾਹੌਰ' ਨੂੰ ਵੀ ਬੇਹੱਦ ਪਸੰਦ ਕੀਤਾ ਗਿਆ। ਡੀ.ਜੇ. ਤੇ ਵਿਆਹ ਸ਼ਾਦੀਆਂ ਵਿੱਚ ਫਿਰੋਜ਼ ਦਾ ਗਾਇਆ ਗੀਤ 'ਜੋੜੀ ਬੜੀ ਜੱਚਦੀ' ਵੀ ਹਰ ਖ਼ੁਸ਼ੀਆਂ ਵਾਲੇ ਸਮਾਗਮ ਦਾ ਸ਼ਿੰਗਾਰ ਹੁੰਦਾ ਹੈ। ਉਸ ਨੇ ਆਪਣੀ ਗਾਇਕੀ ਦੇ ਸਫ਼ਰ ਵਿੱਚ ਨਵੇਂ ਮੀਲ ਪੱਥਰ ਗੱਡੇ ਹਨ। ਸਾਨੂੰ ਭਵਿੱਖ ਵਿੱਚ ਇਸ ਹੋਣਹਾਰ ਸਪੂਤ ਤੋਂ ਬਹੁਤ ਸਾਰੀਆਂ ਆਸਾਂ ਹਨ।

ਸੰਪਰਕ: 98552-64144





# ਪੰਜਾਬੀ ਗਾਇਕੀ ਦਾ ਰੂਪਾਂਤਰਣ

**ਡਾ. ਅਨੰਤਪ੍ਰੀਤ ਸਿੰਘ ਬੇਨੀਪਾਲ**

ਪੰਜਾਬੀ ਗਾਇਕੀ ਦਾ ਮੁੱਢਲਾ ਦੌਰ ਬਾਬਾ ਫ਼ਰੀਦ ਦੇ ਸੂਫ਼ੀਆਨਾ ਰੰਗ ਨਾਲ ਭਰਪੂਰ ਸਮਿਆਂ ਨੂੰ ਮੰਨਿਆ ਜਾ ਸਕਦਾ ਹੈ। ਭਾਵੇਂ ਉਨ੍ਹਾਂ ਤੋਂ ਪਹਿਲਾਂ ਵੀ ਪੰਜਾਬ ਦੀ ਧਰਤੀ 'ਤੇ ਅਨੇਕਾਂ ਗਾਇਕ ਰੂਪੀ ਬੁੱਧੀਜੀਵੀ ਆਏ ਹੋਣਗੇ, ਪਰ ਜੇਕਰ ਭਾਸ਼ਾ ਨੂੰ ਮੁੱਖ ਆਧਾਰ ਰੱਖਿਆ ਜਾਵੇ ਤਾਂ ਪੰਜਾਬੀ ਭਾਸ਼ਾ ਦੀ ਮੂਲ ਰੂਪ ਵਿੱਚ ਵਰਤੋਂ ਬਾਬਾ ਫ਼ਰੀਦ ਜੀ ਦੇ ਸੂਫ਼ੀ ਅੰਦਾਜ਼ ਵਿੱਚ ਹੋਈ।

ਦਰਅਸਲ, ਕਿਸੇ ਖੇਤਰ ਦੀ ਭਾਸ਼ਾ, ਉੱਥੋਂ ਦਾ ਵਿਰਸਾ, ਰੀਤੀ-ਰਿਵਾਜ, ਰਹਿਣ ਸਹਿਣ ਹੀ ਮਨੋਰੰਜਨ ਦੇ ਇੱਕ ਰੂਪ ਵਜੋਂ ਉੱਥੋਂ ਦੇ ਗੀਤਾਂ ਵਿੱਚ ਝਲਕਣ ਲੱਗਦਾ ਹੈ। ਜੇਕਰ ਪੰਜਾਬੀ ਗੀਤਾਂ ਦੀ ਗੱਲ ਕਰੀਏ ਤਾਂ ਅਜਿਹਾ ਕੁਝ ਹੀ ਸਾਹਮਣੇ ਆਉਂਦਾ ਹੈ। ਸਮੇਂ ਦੇ ਨਾਲ ਤਬਦੀਲੀਆਂ ਆਉਣੀਆਂ ਸੁਭਾਵਿਕ ਹਨ। ਸੂਫ਼ੀ ਗਾਇਕੀ ਤੋਂ ਅੰਦਾਜ਼ ਬਦਲਦੇ ਹੋਏ ਰਹਿਣ-ਸਹਿਣ ਅਤੇ ਵਿਰਸੇ ਅਤੇ ਸੱਭਿਆਚਾਰ ਨਾਲ ਮਿਲਦੇ ਹੋਏ ਲੋਕ ਗੀਤਾਂ ਵਿੱਚ ਤਬਦੀਲ ਹੋ ਗਿਆ। ਭਾਵ ਸਮੇਂ ਨਾਲ ਕਿਸੇ ਵਿਸ਼ੇਸ਼ ਖੇਤਰ ਵਿੱਚ ਆਈਆਂ ਤਬਦੀਲੀਆਂ ਜਿਵੇਂ ਕਿ ਉੱਥੋਂ ਦੇ ਲੋਕਾਂ ਦਾ ਸੁਭਾਅ, ਜ਼ਮਾਨੇ ਵਿੱਚ ਵਰਤੋਂ ਦੀਆਂ ਵਸਤੂਆਂ, ਸਰੋਤ, ਸੰਦ ਆਦਿ ਦਾ ਜ਼ਿਕਰ ਉੱਥੋਂ ਦੇ ਵਿਰਸੇ ਵਿੱਚ ਆਉਣ ਲੱਗਦਾ ਹੈ ਅਤੇ ਗਾਇਕੀ ਵੀ ਇਸੇ ਦਾ ਭਾਗ ਮੰਨਿਆ ਜਾ ਸਕਦਾ ਹੈ। ਗਾਇਕੀ ਦਾ ਪ੍ਰਮੁੱਖ ਸਬੰਧ ਗਾਉਣ ਸਮੇਂ ਵਰਤੇ ਜਾਂਦੇ ਸੰਗੀਤ ਨਾਲ ਹੁੰਦਾ ਹੈ ਅਤੇ ਸਮੇਂ ਅਨੁਸਾਰ ਆਉਂਦੀਆਂ ਤਕਨੀਕਾਂ ਰਾਹੀਂ ਵੀ। ਜਿਵੇਂ ਜਿਵੇਂ ਸੰਗੀਤਕ ਸੰਦਾਂ ਦੀ ਖੋਜ ਹੁੰਦੀ ਗਈ, ਉਸੇ ਤਰ੍ਹਾਂ ਗਾਇਕੀ ਵਿੱਚ ਵੀ ਤਬਦੀਲੀ ਆਉਂਦੀ ਗਈ। ਇਸੇ ਪਰਿਵਰਤਨ ਅਨੁਸਾਰ ਇੱਕ ਸਮੇਂ 'ਤੇ ਗਾਏ ਜਾਣ ਵਾਲੇ ਸੰਗੀਤਕ ਰੰਗ ਨੂੰ ਆਉਂਦੀਆਂ ਪੀੜ੍ਹੀਆਂ ਵਿੱਚ ਸੂਫ਼ੀਆਨਾ ਅਤੇ ਲੋਕ ਗਾਇਕੀ ਦਾ ਨਾਮ ਦਿੱਤਾ ਗਿਆ। ਅਕਸਰ ਇਤਿਹਾਸਕ ਅਧਿਆਇਆਂ ਵਿੱਚ ਗਾਇਕੀ ਦਾ ਜ਼ਿਕਰ ਇਸ ਹੱਦ ਤੱਕ ਹੁੰਦਾ ਆਇਆ ਹੈ ਕਿ ਇਨਸਾਨ ਦੇ ਜੰਮਣ ਤੋਂ ਲੈ ਕੇ ਸਮਾਜਿਕ ਵਿਹਾਰਾਂ ਨੂੰ ਪਾਰ ਕਰਦੇ ਹੋਏ ਮਰਨ ਤੀਕ ਵੀ ਗਾਇਕੀ ਦੀਆਂ ਰੀਤਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਸੂਫ਼ੀਆਨਾ ਕਲਾਮਾਂ ਤੋਂ ਕਵੀਸ਼ਰੀ ਅੰਦਾਜ਼ ਦੀ ਪੌੜੀ ਚੜ੍ਹਦੇ ਹੋਏ ਰਬਾਬੀ ਵਾਰਾਂ ਦਾ ਅਧਿਆਏ ਆਇਆ।

ਫਿਰ ਧਾਰਮਿਕ ਸੰਗੀਤਕ ਛੋਹ ਨੂੰ ਮਹਿਸੂਸ ਕਰਨ ਉਪਰੰਤ ਪੰਜਾਬੀ ਭਾਸ਼ਾ ਦੇ ਵਿਕਾਸ ਅਧੀਨ ਸੰਗੀਤਕ ਰੰਗ ਵਿੱਚ ਲਗਾਤਾਰ ਵਿਕਾਸਸ਼ੀਲ ਤਬਦੀਲੀਆਂ ਆਈਆਂ। ਇਸ ਦਾ ਪ੍ਰਮੁੱਖ ਕਾਰਨ ਸੰਗੀਤਕ ਸੰਦਾਂ ਦੀ ਹੋਂਦ ਹੈ ਅਤੇ ਤਬਦੀਲੀਆਂ ਵੀ ਇਨ੍ਹਾਂ ਦੇ ਵਿਕਾਸ ਨੂੰ ਮੁੱਖ ਰੱਖਦੇ ਹੋਏ ਹੀ ਹੋਈਆਂ। ਪੰਜਾਬੀ ਸੱਭਿਆਚਾਰ ਦਾ ਵਿਕਾਸ ਵੀ ਇੱਥੋਂ ਦੇ ਕਿੱਤਿਆਂ, ਰੀਤਾਂ ਰਿਵਾਜਾਂ ਅਨੁਸਾਰ ਹੀ ਹੋਇਆ ਅਤੇ ਇਸ ਦਾ ਰੰਗ ਪੰਜਾਬੀ ਗਾਇਕੀ ਵਿੱਚ ਵੀ ਸਮਾ ਗਿਆ। ਇਸ ਤੋਂ ਅਗਲਾ ਦੌਰ ਕੁਦਰਤੀ ਅਤੇ ਅਲੌਕਿਕ ਸਿਫਤਾਂ ਤੋਂ ਬਦਲ ਕੇ ਇਸ਼ਕ ਹਕੀਕੀ ਦੇ ਗੀਤਾਂ ਦਾ ਆਉਂਦਾ ਹੈ ਕਿਉਂਕਿ ਸਮਾਜ ਵਿੱਚ ਪੱਛਮੀ ਛੋਹ ਨੇ ਆਪਣਾ ਪੈਰ ਪਸਾਰਨਾ ਸ਼ੁਰੂ ਕਰ ਦਿੱਤਾ ਸੀ। ਤਰੱਕੀ ਦੇ ਦੌਰ ਵਿੱਚ ਸੱਭਿਆਚਾਰਕ ਰੰਗ ਵੀ ਨਵੀਨ ਹੋਣ ਲੱਗੇ ਅਤੇ ਪੰਜਾਬੀ ਸੰਗੀਤ ਵੀ ਪੂਰੀ ਦੁਨੀਆ ਵਿੱਚ ਆਪਣਾ ਰੰਗ ਵਿਖਾਉਣ ਲੱਗਾ।

ਇੱਕ ਆਮ ਅਵਸਥਾ ਵਿੱਚ ਸੰਗੀਤ ਨੂੰ ਇੰਨੀ ਮਸ਼ਹੂਰੀ ਨਹੀਂ ਮਿਲਦੀ ਜਿੰਨੀ ਕਿ ਗਾਇਕੀ ਨੂੰ ਮਿਲਦੀ ਹੈ, ਹਾਲਾਂਕਿ ਗਾਇਕੀ ਦਾ ਰੰਗ ਸੰਗੀਤ ਤੋਂ ਬਿਨਾਂ ਫਿੱਕਾ ਹੀ ਹੁੰਦਾ ਹੈ। ਪੰਜਾਬੀ ਸੰਗੀਤ ਨੇ ਪੰਜਾਬੀ ਗਾਇਕੀ ਨੂੰ ਪ੍ਰਸਿੱਧ ਕੀਤਾ ਜਿਸ ਨਾਲ ਪੰਜਾਬੀ ਸੰਗੀਤਕ ਉਦਯੋਗ ਹੋਰ ਵੀ ਮਜ਼ਬੂਤ ਹੋਇਆ- ਤਕਨੀਕੀ ਤੌਰ 'ਤੇ ਵੀ ਅਤੇ ਆਰਥਕ ਤੌਰ 'ਤੇ ਵੀ। ਸੁਭਾਵਿਕ ਹੈ ਕਿ ਤਰੱਕੀ ਆਪਣੇ ਨਾਲ ਕੁਝ ਮਾੜੇ ਪੱਖ ਵੀ ਲੈ ਕੇ ਆਉਂਦੀ ਹੈ। ਅਜਿਹੇ ਵਿੱਚ ਪੰਜਾਬੀ ਸੰਗੀਤਕ ਤਰੱਕੀ ਆਪਣੇ ਨਾਲ ਕੁਝ ਅਜਿਹੇ ਤੱਤ ਲੈ ਕੇ ਆਈ ਕਿ ਗੀਤਕਾਰਾਂ ਦੇ ਲਿਖਣ ਦਾ ਮਿਆਰ ਗਿਰ ਗਿਆ, ਪਰ ਸਰੋਤਿਆਂ ਨੇ ਕੋਈ ਸ਼ਿਕਵਾ ਨਹੀਂ ਦਿਖਾਇਆ ਅਤੇ ਪੰਜਾਬੀ ਗਾਇਕੀ ਨੂੰ ਡਿੱਗਦੇ ਸ਼ਬਦਾਵਲੀ ਮਿਆਰ ਦੌਰਾਨ ਵੀ ਭਰਪੂਰ ਸਹਿਯੋਗ ਦਿੱਤਾ ਗਿਆ। ਸਰੋਤਿਆਂ ਦੀ ਪਸੰਦ ਤੋਂ ਪਰੇ ਜਾ ਕੇ ਅਜਿਹੇ ਵਿੱਚ ਕਾਫ਼ੀ ਕਲਾਕਾਰਾਂ ਨੇ ਇਸ ਡਿੱਗਦੇ ਮਿਆਰ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਤੇ ਕਿਤੇ ਨਾ ਕਿਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਨਿਰਾਸ਼ਾ ਦਾ ਸਾਹਮਣਾ ਵੀ ਕਰਨਾ ਪਿਆ।

ਜਦੋਂ ਸਮੇਂ ਦੀ ਨਜ਼ਾਕਤ ਅਨੁਸਾਰ ਪੰਜਾਬੀ ਗਾਇਕੀ ਵਿੱਚ ਆਰਥਿਕ ਸੁਧਾਰ ਨਜ਼ਰ ਆਉਣ ਲੱਗੇ ਤਾਂ ਗਾਇਕੀ ਦਾ ਪੇਸ਼ਾ ਵੀ ਆਪਣੇ ਪੈਰ ਪਸਾਰਨ ਲੱਗਿਆ। ਹੁਣ ਗਾਇਕ ਆਪਣੇ ਅਖਾੜੇ ਸਜਾਉਣ ਲਈ ਮੇਲਿਆਂ ਦੀ ਭਾਲ ਕਰਨ ਲੱਗੇ। ਮਸ਼ਹੂਰੀ ਵਿਸ਼ਵ ਪੱਧਰ 'ਤੇ ਹੋਣ ਨਾਲ ਅਖਾੜੇ ਵੀ ਵਿਦੇਸ਼ਾਂ 'ਚ ਲੱਗਣ ਲੱਗ ਗਏ ਅਤੇ ਆਰਥਿਕ ਵਿਕਾਸ ਆਪਣੇ ਸਿਖਰ ਵੱਲ ਜਾਣ ਲੱਗਾ। ਪੰਜਾਬ ਤੋਂ ਪਰਵਾਸ ਕਰਕੇ ਗਏ ਲੋਕਾਂ ਨੇ ਪੰਜਾਬੀ ਗਾਇਕੀ ਦੀ ਲੋੜ ਵਿਸ਼ਵ ਪੱਧਰ 'ਤੇ ਹੋਰ ਵੀ ਵਧਾ ਦਿੱਤੀ।

ਅੱਜ ਪੰਜਾਬੀ ਗਾਇਕੀ ਦਾ ਕੇਵਲ ਪੰਜਾਬੀ ਲੋਕ ਹੀ ਨਹੀਂ ਸਗੋਂ ਦੂਜੇ ਦੇਸ਼ਾਂ ਦੇ ਵਾਸੀ ਵੀ ਆਨੰਦ ਲੈਣ ਵਿੱਚ ਮੋਹਰੀ ਹਨ। ਅੰਤਰਰਾਸ਼ਟਰੀ ਪੱਧਰ ਦੀਆਂ ਵੱਖ-ਵੱਖ ਦਰਜਾਬੰਦੀ ਏਜੰਸੀਆਂ ਦੇ ਸਿਖਰ 'ਤੇ ਪੰਜਾਬੀ ਗਾਇਕਾਂ ਦੇ ਨਾਮ ਵੇਖੇ ਜਾ ਸਕਦੇ ਹਨ।

ਪੰਜਾਬੀ ਗਾਇਕੀ ਮੌਜੂਦਾ ਸਮਾਜਿਕ ਸਥਿਤੀ ਬਿਆਨ ਕਰ ਰਹੀ ਹੈ ਅਤੇ ਨਾਲ ਹੀ ਵੱਡੇ ਪੱਧਰ 'ਤੇ ਸਰੋਤਿਆਂ ਨੂੰ ਪ੍ਰਭਾਵਿਤ ਵੀ ਕਰਦੀ ਹੈ। ਜੇਕਰ ਅੱਜ ਪੰਜਾਬ ਵਿੱਚ ਨਸ਼ਿਆਂ ਨੇ ਪੈਰ ਪਸਾਰੇ ਹਨ ਤਾਂ ਇਸ ਦਾ ਇੱਕ ਮੁੱਢਲਾ ਕਾਰਨ ਗੀਤਾਂ ਵਿੱਚ ਅਫ਼ੀਮ ਵਰਗੇ ਨਸ਼ਿਆਂ ਦੀ ਵਰਤੋਂ ਦੇ ਪ੍ਰਚਾਰ ਨੂੰ ਮੰਨਿਆ ਜਾ ਸਕਦਾ ਹੈ ਜਿਸ ਨੇ ਬਾਅਦ ਵਿੱਚ ਘਾਤਕ ਰੂਪ ਧਾਰਦੇ ਹੋਏ ਅਨੇਕਾਂ ਨੌਜਵਾਨਾਂ ਨੂੰ ਇਸ ਤਰ੍ਹਾਂ ਪ੍ਰਭਾਵਿਤ ਕੀਤਾ ਕਿ ਕਿਤੇ ਉਹ ਇਸ ਸ਼ਾਹੀ ਨਸ਼ੇ ਦੀ ਵਰਤੋਂ ਕਰਨ ਤੋਂ ਵਾਂਝੇ ਨਾ ਰਹਿ ਜਾਣ। ਇਸੇ ਤਰ੍ਹਾਂ ਹੀ ਗੀਤਾਂ ਰਾਹੀਂ ਹਥਿਆਰਾਂ ਦੀ ਹੋਈ ਲੋੜੋਂ ਵੱਧ ਮਸ਼ਹੂਰੀ ਦਾ ਨਤੀਜਾ ਅੱਜ ਪੰਜਾਬ ਵਿੱਚ ਗੈਂਗਸਟਰਵਾਦ ਦਾ ਫੈਲਾਅ ਹੈ ਜੋ ਕਿ ਹੁਣ ਕਾਬੂ ਵਿੱਚ ਨਹੀਂ ਆ ਰਿਹਾ। ਬਿਨਾਂ ਸਰੋਤਾਂ ਤੋਂ ਸ਼ੁਰੂ ਹੋ ਕੇ ਵੱਖ ਵੱਖ ਸੰਦਾਂ ਦੀ ਵਰਤੋਂ ਕਰਦੇ ਹੋਏ ਅੱਜ ਪੰਜਾਬੀ ਗਾਇਕੀ ਦੀ ਕੀਮਤ ਬਹੁਤ ਜ਼ਿਆਦਾ ਹੋ ਗਈ ਹੈ ਭਾਵੇਂ ਕਿ ਵੱਡੇ ਪੱਧਰ 'ਤੇ ਗੀਤਕਾਰੀ ਦਾ ਮਿਆਰ ਓਨਾ ਉੱਚਾ ਨਹੀਂ ਰਿਹਾ, ਪਰ ਕਿਤੇ ਨਾ ਕਿਤੇ ਆਉਣ ਵਾਲੇ ਸਮੇਂ ਵਿੱਚ ਇਸ ਦੌਰ ਨੂੰ ਪੰਜਾਬੀ ਗਾਇਕੀ ਦਾ ਸਿਖਰਲਾ ਦੌਰ ਹੀ ਲਿਖਿਆ ਜਾਵੇਗਾ। ਅੱਜ ਪੰਜਾਬੀ ਗਾਇਕੀ ਨੇ ਵਿਸ਼ਵ ਭਰ ਵਿੱਚ ਵਸਦੇ ਪੰਜਾਬੀਆਂ ਦੀ ਅਰਥਵਿਵਸਥਾ ਵਿੱਚ ਵੱਡਾ ਯੋਗਦਾਨ ਪਾਇਆ ਹੈ ਤੇ ਅਲਾਮਤ ਆਉਣ 'ਤੇ ਹਰ ਸੰਭਵ ਮਦਦ ਦਾ ਯਤਨ ਵੀ ਕੀਤਾ ਹੈ। ਅੱਜ ਜਦੋਂ ਪੰਜਾਬੀ ਭਾਸ਼ਾ ਦੀ ਵਰਤੋਂ ਅਤੇ ਹੋਂਦ 'ਤੇ ਬੇਸ਼ੱਕ ਅਨੇਕ ਖ਼ਤਰੇ ਮੰਡਰਾ ਰਹੇ ਹਨ, ਪਰ ਪੰਜਾਬੀ ਗਾਇਕੀ ਇੱਕ ਅਜਿਹਾ ਪਹਿਲੂ ਹੈ ਜੋ ਕਿ ਸੱਭਿਆਚਾਰ ਜਾਂ ਵਿਰਸੇ ਜਾਂ ਲੋਕ ਰੰਗ ਨੂੰ ਨਾ ਸਹੀ, ਪਰ ਪੰਜਾਬੀ ਭਾਸ਼ਾ ਅਤੇ ਪੰਜਾਬੀ ਧੁਨਾਂ ਨੂੰ ਪੂਰੇ ਵਿਸ਼ਵ ਵਿੱਚ ਬਾਖ਼ੂਬੀ ਪੇਸ਼ ਕਰ ਰਹੀ ਹੈ। ਮਾਣ ਉਦੋਂ ਮਹਿਸੂਸ ਹੁੰਦਾ ਹੈ ਜਦੋਂ ਕੋਈ ਗ਼ੈਰ ਪੰਜਾਬੀ ਬੋਲੀ ਬੋਲਣ ਵਾਲਾ ਵੀ ਪੰਜਾਬੀ ਗੀਤ ਗੁਣਗੁਣਾਉਂਦਾ ਨਜ਼ਰ ਆਉਂਦਾ ਹੈ।


ਸੰਪਰਕ: 98889-21290







## ਲੜਕੀ ਦੀ ਲੋੜ



ਅਮਰੀਕਾ ਦੀ ਜੰਮਪਲ,ਜੱਟ ਸਿੱਖ, ਉਮਰ 30 ਸਾਲ, ਹਾਈਟ 6'-1", ਅਮਰੀਕਾ ਦੀ ਟੌਪ ਦੀ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਕਰਕੇ ਸਿਆਟਲ 'ਚ ਸਾਫਟਵੇਅਰ ਇੰਜਨੀਅਰਿੰਗ ਟੈਕਨੌਲਜੀ ਨਾਮਵਰ ਕੰਪਨੀ ਵਿਚਵੱਡੀ ਪੁ-ਜੀਸ਼ਨ ਤੇ ਜੌਬ ਕਰ ਰਹੇ, ਚੰਗੀ ਪਰਸਨੈਲਟੀ ਦੇ ਮਾਲਕ ਲੜਕੇ ਲਈ ਕੈਨੇਡੀਅਨ ਜਾਂ ਅਮਰੀਕਨ ਜੱਟ ਸਿੱਖ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਯੋਗ ਲੜਕੀ ਦੀ ਲੋੜ ਹੈ।ਲੜਕੇ ਦਾ ਪਰਿਵਾਰ 35 ਸਾਲਾਂ ਤੋਂ ਅਮਰੀਕਾ ਵਿਚ ਵੈਲ ਸੈਟਲਡ ਹੈ।ਅਮਰੀਕਾ 'ਚ ਵਰਕ ਪਰਮਿਟ ਤੇ ਕੰਮ ਕਰਦੀ ਜਾਂ ਵਿਜ਼ਟਰ ਵੀਜ਼ੇ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ।ਮੈਰਿਜ ਬਿਊ-ਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 1-206-856-5391 ਤੇ ਫੋਨ ਕੀਤਾ ਜਾ ਸਕਦਾ ਹੈ।-1845

*****************

ਅਮਰੀਕਾ ਵਿਚ ਵਰਕ ਪਰਮਿਟ ਤੇ ਰਹਿੰਦੇ, ਜੱਟ ਸਿੱਖ ਗਰੇਵਾਲ, 1993 ਬੌਰਨ, ਕੱਦ 5'-10", ਇਕਲੌਤੇ ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ 'ਚ ਕਾਫੀ ਪ੍ਰਾਪਰਟੀ ਦੇ ਮਾਲਕ, 2015 ਤੋਂ ਅਮਰੀਕਾ 'ਚ ਆਪਣੇ ਗਰੀਨ ਕਾਰਡ ਹੋਲਡਰ ਪਰਿਵਾਰ ਨਾਲ ਰਹਿ ਰਹੇ, ਯੂ-ਵੀਜ਼ਾ ਅਪਰੂਵਡ, ਪੜ੍ਹੇ ਲਿਖੇ, ਵਧੀਆ ਜੌਬ ਕਰਦੇ ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਸੋਹਣੀ, ਪਰਿਵਾਰਕ, ਗਰੀਨ ਕਾਰਡ ਹੋਲਡਰ, ਸ਼ਿਟੀ-ਜਨ, ਪੀ ਆਰ ਲੜਕੀ ਦੀ ਲੋੜ ਹੈ।ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ 1-530-443-4594 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, 1987 ਬੌਰਨ, ਕੱਦ 6 ਫੁੱਟ, ਨੈਵਰ ਮੈਰਿਡ, ਯੂਨੀ-ਵਰਸਿਟੀ ਗਰੈਜੂਏਟ, ਸੌਫਟਵੇਅਰ ਇੰਜੀਨੀਅਰ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਸ਼ਿ-ਟੀਜਨ/ਪੀ ਆਰ/ਗਰੀਨ ਕਾਰਡ ਹੋਲਡਰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਈ 416-540-9999 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡਾ ਦੇ ਜੰਮਪਲ, ਜੱਟ ਸਿੱਖ, ਸਤੰਬਰ 1995 ਬੌਰਨ, ਕੱਦ 6'-1', ਮਕੈਨੀਕਲ ਇੰ-ਜੀਨੀਅਰ, ਇਸ ਸਮੇਂ ਵੱਡੀ ਮਾਈਨਿੰਗ ਇਕੁ-ਵੀਪਮੈਂਟ ਮੇਕਿੰਗ ਕੰਪਨੀ ਵਿਚ ਵਧੀਆ ਜੌਬ ਕਰਦੇ, 6 ਫਿਗਰ ਸੈਲਰੀ ਲੈ ਰਹੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮ-ਰੀਕਾ ਤੋਂ ਸ਼ਿਟੀਜਨ/ਪੀ ਆਰ/ਪੜ੍ਹੀ ਲਿਖੀ, ਪ੍ਰੋ-ਫੈਸ਼ਨਲੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਐਡਮਿੰਟਨ ਰਹਿੰਦੀ ਜਾਂ ਮੂਵ ਹੋਣ ਦੀ ਚਾਹ-ਵਾਨ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਲੜਕੇ ਦਾ ਪਰਿਵਾਰ ਲੁਧਿਆਣਾ ਨਾਲ ਸਬੰਧਿਤ ਹੈ ਤੇ ਕੈਨੇਡਾ ਵਿਚ ਵੈਲ ਸੈਟਲਡ ਹੈ। ਭੈਣ ਵਕੀਲ ਹੈ ਜੋ ਵਿਆਹੀ ਹੋਈ ਹੈ।ਮੈਰਿਜ ਬਿਊਰੋ ਵਾਲੇ ਫੋਨ ਕਰਨ ਦੀ ਖੇਚਲ ਨਾ ਕਰਨ।ਹੋਰ ਵਧੇਰੇ ਜਾਣਕ-ਾਰੀ ਲਈ 1-780-995-5223 ਤੇ ਸੰਪਰਕ ਕੀਤਾ ਜਾ ਸਕਦਾ ਹੈ।-1844

*****************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ ਸੁਨਿਆਰ ਪਰਿਵਾਰ ਦੇ 1985 ਬੋਰਨ, ਹਾਈਟ 6 ਫੁੱਟ, ਨੈਵਰ ਮੈਰਿਡ, ਵੈਲਡਿੰਗ ਡਿਪਲੋਮਾ ਹੋਲਡਰ, ਵਧੀਆ ਜੌਬ ਕਰ ਰਹੇ, ਨਸ਼ਿਆ ਤੋਂ ਰਹਿਤ, ਵੈਸ਼ਨੂੰ, ਹੈਂਡਸਮ ਲੜਕੇ ਲਈ ਕੈਨੇ-ਡੀਅਨ ਸ਼ਿਟੀਜਨ ਜਾਂ ਪੀ ਆਰ ਪਰਿਵਾਰਕ ਲੜਕੀ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਲੜਕੇ ਦੇ ਰਿਸ਼ਤੇਦਾਰ ਕੈਨੇਡਾ ਵਿਚ ਵੈਲ ਸੈਟਲਡ ਹਨ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਹੋਰ ਵਧੇਰੇ ਜਾਣਕਾਰੀ ਲਈ 1-778-779-9979 ਜਾਂ 437-438-1278 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਏ, ਜੱਟ ਸਿੱਖ ਦਿਉਲ, ਉਮਰ 25 ਸਾਲ, ਕੱਦ 5'-11", ਪੜ੍ਹੇ ਲਿਖੇ, ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ, ਇੰਡੀਆ ਵਿਚ 7 ਕਿਲ੍ਹੇ ਜ਼ਮੀਨ ਦੇ ਮਾਲਕ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪਰਿਵਾਰਕ ਸ਼ਿ-ਟੀਜਨ/ਪੀ ਆਰ ਲੜਕੀ ਦੀ ਲੋੜ ਹੈ।ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ 1-778-987-0855 ਜਾਂ 1-778-710-2990 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡੀਅਨ ਸ਼ਿਟੀਜਨ, ਛੋਟੇ ਹੁੰਦੇ ਕੈਨੇਡਾ ਆਏ ਜੱਟ ਸਿੱਖ, ਉਮਰ 37 ਸਾਲ, ਕੱਦ 6 ਫੁੱਟ, ਨੈਵਰ ਮੈਰਿਡ, ਟਰਾਂਟੋ ਰਹਿੰਦੇ, ਯੂਨੀ-ਵਰਸਿਟੀ ਗਰੈਜੂਏਟ, ਪ੍ਰੋਫੈਸ਼ਨਲੀ ਐਸਟੈ-ਬਲਿਸਡ, ਵੱਡੀ ਬੈਂਕ ਵਿਚ ਵਧੀਆ ਜੌਬ ਕਰਦੇ ਹੈਂਡਸਮ,ਪਰਿਵਾਰਕ, ਨਸ਼ਿਆ ਤੋਂ ਰਹਿਤ, ਚੰਗੀ ਪਰਸਨੈਲਟੀ ਦੇ ਮਾਲਕ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਸ਼ਿਟੀਜਨ/ਪੀ ਆਰ, ਪ੍ਰੋ-

## ਲੜਕੀ ਦੀ ਲੋੜ



ਫੈਸ਼ਨਲੀ ਕੁਆਲੀਫਾਈਡ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ ਤੇ ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਗਰੇਟਰ ਟਰਾਂਟੋ ਇਲਾਕੇ ਨੂੰ ਪਹਿਲ ਦਿੱਤੀ ਜਾਵੇਗੀ।ਰਿਸ਼ਤਾ ਜੋੜਨ ਦੇ ਚਾਹਵਾਨ 647-765-1788 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ ਤੇ ਪੀ ਆਰ ਲਈ ਅਪਲਾਇਡ ਸਟੇਟਸ ਤੇ ਰਹਿ-ੰਦੇ 20 ਸਾਲ ਦੁਬਈ ਰਹਿ ਕੇ ਆਏ, ਆ-ਧਰਮੀ ਸਿੱਖ, ਉਮਰ 44 ਸਾਲ, ਕੱਦ 5'-8", ਕੰਸਟਰੱਕਸ਼ਨ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ ਵਿਅਕਤੀ ਲਈ ਕੈਨੇਡਾ, ਅਮਰੀਕਾ ਤੋਂ ਸ਼ਿ-ਟੀਜਨ, ਪੀ ਆਰ, ਪਰਿਵਾਰਕ ਜੀਵਨ ਸਾਥਣ ਦੀ ਲੋੜ ਹੈ, ਤਲਾਕਸ਼ੁਦਾ ਤੇ ਵੀ ਵਿਚਾਰ ਕੀਤੀ ਜਾਵੇਗੀ।ਜਾਤ ਪਾਤ ਦਾ ਕੋਈ ਬੰਧਨ ਨਹੀਂ।ਲੜਕੇ ਦੀ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ।ਪਰਿਵਾਰ 'ਚ ਇਕੱਲਾ ਲੜਕਾ ਹੀ ਕ੍ਰਿਸੀਅਨ ਧਰਮ ਨੂੰ ਮੰਨਣ ਵਾਲਾ ਹੈ।ਕ੍ਰਿਸੀਅਨ ਧਰਮ ਨੂੰ ਮੰਨਣ ਵਾਲੀ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ।ਮੈਰਿਜ ਬਿਊਰੋ ਵਾਲੇ ਗਲਤੀ ਨਾਲ ਵੀ ਫੋਨ ਨਾ ਕਰਨ।ਇਸ ਰਿਸ਼ਤੇ ਸਬੰਧੀ ਹੋਰ ਗੱਲਬਾਤ ਅੱਗੇ ਵਧਾਉਣ ਲਈ ਵਟਸ ਐਪ 1-403-830-2152 ਤੇ ਫੋਨ ਜਾਂ ਮੈਸਿਜ ਕਰ ਸਕਦੇ ਹੋ।-1844

*****************

**Sikh family, well-settled in Canada for 36+ years, invites proposals for their handsome, sincere, respectful, 46 yrs old son, height 5'9", CPA/MBA, holds a senior position with a Consulting company in Toronto, has a modern outlook and family values. He is very well-dressed, wears a smart turban, leads a healthy & successful lifestyle. Innocently divorced after a 1 year brief marriage, no children. Seeking a professional, graceful, family-oriented girl, born/raised in Canada or USA only. Caste no bar. Marriage bureaus /student visa/visitor visa/work visa kindly excuse. Please contact: 416-346-0424** -1844

*****************

ਕੈਨੇਡਾ 'ਚ 40 ਸਾਲਾਂ ਤੋਂ ਵੈਲ ਸੈਟਲਡ, ਜੱਟ ਸਿੱਖ ਪਰਿਵਾਰ ਨੂੰ ਆਪਣੇ ਕੈਨੇਡੀਅਨ ਜੰਮਪਲ ਬੇਟੇ, 1994 ਬੌਰਨ, ਹਾਈਟ 5'-11", ਵਧੀਆ ਕੰਪਨੀ 'ਚ ਕੰਪਿਊਟਰ ਇੰਜਨੀਅਰ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ/ਆਸਟ੍ਰੇਲੀਆ ਜਾਂ ਯੂ ਕੇ ਤੋਂ ਜੰਮਪਲ ਜਾਂ ਛੋਟੀ ਹੁੰਦੀ ਆਈ, ਬਰਾਬਰ ਦੀ ਯੋਗਤਾ ਵਾਲੀ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ,ਵਿਜ਼ਟਰ ਵੀਜ਼ੇ ਜਾਂ ਵਰਕ ਪਰਮਿਟ ਤੇ ਆਈਆਂ ਲੜਕੀਆਂ ਦੇ ਪਰਿਵਾਰ ਤੇ ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ 1-236-979-0730 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

ਕੈਨੇਡਾ 'ਚ ਵਰਕ ਪਰਮਿਟ ਤੇ ਰਹਿ ਰਹੇ, ਜੱਟ ਸਿੱਖ ਤੂਰ, ਅੰਮ੍ਰਿਤਧਾਰੀ, ਉਮਰ 36 ਸਾਲ, ਕੱਦ 5'-11", ਇਲੈਕਟੀਕਲ ਇੰਜਨੀਅਰਿੰਗ ਡਿਗਰੀ, ਇਲੈਕ੍ਰਟੀਕਲ ਤੇ ਕਮਿਊਨਿਕੇਸ਼ਨਜ਼ ਇੰਜਨੀਅਰਿੰਗ ਡਿਪਲੋਮਾ ਹੋਲਡਰ, ਕੈਨੇਡਾ ਪੋਸਟ ਨਾਲ ਵਧੀਆ ਜੌਬ ਕਰਦੇ ਹੈਂਡਸਮ, ਵੈਲ ਸੈਟਲਡ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੀ ਲਿਖੀ, ਪਰਿਵਾਰਕ, ਵੈਸ਼ਨੂੰ ਲੜਕੀ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਪਰ ਸਿੱਖੀ ਵਿਚਾਰਾਂ ਵਾਲੀ ਲੜਕੀ ਨੂੰ ਪਹਿਲ।ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਹੋਰ ਵਧੇਰੇ ਜਾਣਕ-ਾਰੀ ਲਈ 647-286-1694 ਤੇ ਫੋਨ ਕੀਤਾ ਜਾ ਸਕਦਾ ਹੈ।-1843


*****************

ਕੈਨੇਡੀਅਨ ਜੰਮਪਲ, ਰਾਮਗੜ੍ਹੀਆ ਸਿੱਖ, 1993 ਬੌਰਨ, ਕੱਦ 5'-6", ਇਲੈਕਟ੍ਰੀਕਲ ਇੰਜਨੀਅਰਿੰਗ ਡਿਗਰੀ ਹੋਲਡਰ, ਟੀ ਟੀ ਸੀ ਨਾਲ ਗੌਰਮਿੰਟ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਪ੍ਰੋ-ਫੈਸ਼ਨਲੀ ਕੁਆਲੀਫਾਈਡ ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਵਾਲੇ ਅਤੇ ਮੈਰਿਜ ਬਿਊਰੋ ਵਾਲੇ ਫੋਨ ਕਰਨ ਦੀ ਗਲਤੀ ਨਾ ਕਰਨ।ਹੋਰ ਵਧੇਰੇ ਵੇਰਵੇ ਜਾਨਣ ਲਈ 647-297-5114 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

ਕੈਨੇਡੀਅਨ ਪੀ ਆਰ, ਰਵੀਦਾਸੀਆ ਸਿੱਖ, ਬੈਂਸ, ਉਮਰ 38 ਸਾਲ, ਕੱਦ 5'-9", ਪੜ੍ਹੇ ਲਿਖੇ, ਟਰੱਕਿੰਗ ਦਾ ਆਪਣਾ ਵਧੀਆ ਬਿਜਨੈਸ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਤਲ-ਾਕਸ਼ੁਦਾ ਲੜਕੇ ਲਈ ਕੈਨੇਡਾ/ਅਮਰੀਕਾ/ਯੂ ਕੇ/

## ਲੜਕੀ ਦੀ ਲੋੜ



ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਤੋਂ ਪੜ੍ਹੀ ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਕੋਈ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ 1-613-762-4200 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

**Well settled Nai Sikh family seek a suitable match for their son, 32 yrs. old, 5'-10" tall, cleanshaven, handsome, Canadian citizen, graduated from University of Toronto (UofT), working in Financial field. Girl should be Canadian, educated, beautiful, family oriented, preferably from GTA. Caste no bar. Marriage bureau please excuse. Please contact with biodata & recent pictures to email: as20261818@gmail.com or call: 437-385-1890** -1843

*****************

ਕੈਨੇਡਾ ਦੇ ਜੰਮਪਲ, ਜੱਟ ਸਿੱਖ, 1998 ਬੌਰਨ, ਹਾਈਟ 6'-2", ਦਸਤਾਰਧਾਰੀ, ਦਾੜ੍ਹੀ ਟਰਿੰਮ ਕਰਦੇ, ਹੈਂਡਸਮ, ਕੈਨੇਡਾ ਯੂਨੀਵਰਸਿਟੀ ਤੋਂ ਬੀ ਕਾਮ ਕਰਕੇ ਬੈਂਕ ਵਿਚ ਵਧੀਆ ਜੌਬ ਕਰਦੇ ਵੈਜੀਟੇਰੀਅਨ, ਨਸ਼ਿਆ ਤੋਂ ਦੂਰ ਸ਼ਰਾਬ ਤੱਕ ਨਾ ਪੀਣ ਵਾਲੇ ਵੈਲ ਸੈਟਲਡ ਪਰਿਵਾਰ ਦੇ ਗਰੇਟਰ ਟਰਾਂਟੋ ਇਲਾਕੇ 'ਚ ਰਹਿਣ ਵਾਲੇ ਪਰਿਵਾਰ ਦੇ ਲੜਕੇ ਲਈ ਘੱਟੋ ਘੱਟ 5'-7" ਜਾਂ ਇਸ ਤੋਂ ਵੱਧ ਕੱਦ ਵਾਲੀ ਸੋਹਣੀ-ਸੁਨੱਖੀ, ਪੜ੍ਹੀ ਲਿਖੀ, ਪਰਿਵਾਰ ਨਾਲ ਰਹਿਣ ਵਾਲੀ ਕੈਨੇਡੀਅਨ ਬੋਰਨ ਜਾਂ ਇਥੇ ਛੋਟੀ ਹੁੰਦੀ ਆਈ ਤੇ ਕੈਨੇਡਾ 'ਚ ਪਲੀ ਬੜੀ ਜੱਟ ਸਿੱਖ ਲੜਕੀ ਦੀ ਲੋੜ ਹੈ। ਰਿਸ਼ਤਾ ਜੋੜਨ ਦੇ ਚਾਹਵਾਨ ਲੜਕੀ ਦੇ ਪੂਰੇ ਵੇਰਵੇ ਵਟਸ ਐਪ 416-741-3289 ਤੇ ਭੇਜ ਕੇ ਫੋਨ ਕੀਤਾ ਜਾ ਸਕਦਾ ਹੈ ਪਰ ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਫੋਨ ਨਾ ਕਰਨ।-1843

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਏ, ਰਵੀਦਾ-ਸੀਆ ਸਿੱਖ, 1990 ਬੌਰਨ, ਹਾਈਟ 5'-8", ਬੀਟੈਕ ਮਕੈਨੀਕਲ ਡਿਗਰੀ ਹੋਲਡਰ, ਐਮਾਜੋਨ ਕੰਪਨੀ 'ਚ ਵਧੀਆ ਜੌਬ ਕਰਦੇ ਹੈਂਡਸਮ, ਨੈਵਰ ਮੈਰਿਡ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇ-ਡੀਅਨ ਸ਼ਿਟੀਜਨ/ਪੀ ਆਰ/ਵਰਕ ਪਰਮਿਟ ਤੇ ਆਈ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਇੰਡੀਆ ਤੋਂ ਨਰਸ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ।ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤੇ ਸਬ-ੰਧੀ ਹੋਰ ਜਾਣਕਾਰੀ ਲਈ 647-326-1186 ਜਾਂ ਫਿਰ ਇੰਡੀਆ 'ਚ +91-98154-39063 ਫੋਨ ਕੀਤਾ ਜਾ ਸਕਦਾ ਹੈ।-1842

*****************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ ਜੱਟ ਸਿੱਖ ਗਰੇਵਾਲ, ਬੌਰਨ 1997, ਹਾਈਟ 6 ਫੁੱਟ, ਯੂਨੀਵਰਸਿਟੀ ਨਿਆਗਰਾ ਫਾਲਜ਼ ਤੋਂ ਮਾਸਟਰ ਡਿਗਰੀ ਪ੍ਰਾਪਤ, ਹੈਂਡਸਮ, ਦਸਤਾਰਧਾਰੀ, ਲੁਧਿਆਣਾ ਸ਼ਹਿਰ ਦੇ ਜੰਮਪਲ ਲੜਕੇ ਲਈ ਅਮਰੀਕਾ ਜਾਂ ਕੈਨੇ-ਡਾ ਤੋਂ ਸ਼ਿ-ਟੀਜਨ/ਇੰਮੀਗਰਾਂਟ/ਗਰੀਨ ਕਾਰਡ ਹੋਲਡਰ, ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ 'ਚ ਹਸਪਤਾਲ 'ਚ ਜੌਬ ਕਰ ਰਹੀ ਹੈ ਤੇ ਪਿਤਾ ਬਿਜਨੈਸਮੈਨ ਹਨ।ਰਿਸ਼ਤਾ ਜੋੜਨ ਲਈ ਲੜਕੇ ਸਬੰਧੀ ਹੋਰ ਵਧੇਰੇ ਵੇਰਵੇ ਜਾਨਣ ਲਈ ਕੈਨੇਡਾ 'ਚ 647-618-0006 ਜਾਂ ਫਿਰ ਇੰਡੀਆ 'ਚ ਲੜਕੇ ਦੇ ਪਿਤਾ ਨਾਲ +91-78892-66146 ਤੇ ਫੋਨ ਕੀਤਾ ਜਾ ਸਕਦਾ ਹੈ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।-1850

*****************

ਕੈਨੇਡੀਅਨ ਜੰਮਪਲ, ਰਾਮਗੜ੍ਹੀਆ ਸਿੱਖ, ਉਮਰ 30 ਸਾਲ, ਕੱਦ 5'-10", ਹੈਂਡਸਮ, ਬੈਚੂਲਰ ਇਨ ਫਿਜਿਕਸ, ਇਸ ਸਮੇਂ ਬੈਂਕ ਵਿਚ ਵਧੀਆ ਜੌਬ ਕਰਦੇ, ਨਸ਼ਿਆ ਤੋਂ ਰਹਿਤ, ਕੈਨੇ-ਡਾ ਵਿਚ ਆਪਣਾ ਘਰ ਲੜਕੇ ਲਈ ਕੈਨੇਡਾ ਤੋਂ ਜੰਮਪਲ ਜਾਂ ਛੋਟੀ ਹੁੰਦੀ ਆਈ, ਪੜ੍ਹੀ ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਲੜਕੇ ਸਬੰਧੀ ਹੋਰ ਜਾਣਕਾਰੀ ਲੈਣ ਤੇ ਲੜਕੀ ਸਬ-ੰਧੀ ਵੇਰਵੇ ਦੇਣ ਲਈ 647-713-1513 ਜਾਂ 416-662-3535 ਤੇ ਫੋਨ ਕੀਤਾ ਜਾ ਸਕਦਾ ਹੈ।-1842

*****************

## ਜੀਵਨ ਸਾਥਣ ਦੀ ਲੋੜ

ਅਮਰੀਕਨ ਸ਼ਿਟੀਜਨ, ਕ੍ਰਿਸੀਅਨ ਪੰਜਾ-ਬੀ, 68 ਸਾਲਾ, ਕੱਦ 5'-11", ਪੜ੍ਹੇ ਲਿਖੇ, ਫਾਈਨੈਸ਼ਨੀਅਲੀ ਵੈਲ ਸੈਟਲਡ, ਨਸ਼ਿਆ ਤੋਂ ਰਹਿਤ, ਵਿਦੁਰ ਵਿਅਕਤੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਘੱਟੋ ਘੱਟ 50 ਸਾਲ ਜਾਂ ਇਸ ਤੋਂ ਉਪਰ ਉਮਰ ਵਾਲੀ ਪਰਿਵਾਰਕ ਜੀਵਨ ਸਾਥਣ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਜਾਂ ਵਿਧਵਾ ਤੇ ਵੀ ਵਿਚਾਰ ਕੀਤੀ ਜਾਵੇਗੀ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਇੰਡੀਆ ਰਹਿੰਦੇ ਪਰਿਵਾਰ ਤੇ ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ ਤੇ ਹੋਰ ਵਧੇਰੇ ਪੁੱਛਗਿੱਛ ਲਈ 1-623-302-6801 -1844

## ਵਰ ਦੀ ਲੋੜ



**Canadian citizen Saini, 30 yrs old, 5'-4" tall, B.Sc. Biochemistry, B.Ed., M.Sc. Pharmacology, working in research job in Toronto, beautiful, family oriented girl with family well settled in Canada since 25 yrs., basically from Mohali, seeking a professionally qualified, handsome, non-drinker, non-smoker, well settled, boy from Canada/USA, preference to GTA. Marriage bureau please excuse. Contact with biodata & recent pictures to: 647-539-5755** -1846

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਨਵੰਬਰ 1991 ਬੌਰਨ, ਕੱਦ 5'-4",ਯੂਨੀਵਰਸਿਟੀ ਗਰੈਜੂਏਟ,ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ, ਆਪਣੇ ਵੈਲ ਸੈਟਲਡ ਪਰਿਵਾਰ ਨਾਲ ਰਹਿ-ੰਦੀ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ ਹੈਂਡਸਮ, ਨਸ਼ਿਆ ਤੋਂ ਰਹਿਤ, ਇਕਲੌਤੇ ਵੈਲ ਸੈਟਲਡ, ਛੋਟੇ ਪਰਿਵਾਰ ਦੇ ਲੜਕੇ ਦੀ ਲੋੜ ਹੈ।ਗਰੇਟਰ ਟਰਾਂਟੋ ਇਲਾਕੇ ਵਿਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਲੜਕੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਲੜਕੀ ਦੇ ਪਰਿਵਾਰ ਨਾਲ ਸਿੱਧੇ ਤੌਰ ਤੇ 647-864-0232 ਤੇ ਫੋਨ ਕੀਤਾ ਜਾ ਸਕਦਾ ਹੈ।-1846

*****************

ਕੈਨੇਡਾ ਵਿਚ ਵਿਜ਼ਟਰ ਵੀਜ਼ੇ ਤੇ ਰਹਿ ਰਹੀ ਜੱਟ ਸਿੱਖ, ਸਤੰਬਰ 2001 ਦੀ ਬੌਰਨ, ਕੱਦ 5'-2", ਪੜ੍ਹੀ ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ/ਅਮਰੀਕਾ ਤੋਂ ਸ਼ਿਟੀਜਨ/ਪੀ ਆਰ/ਗਰੀਨ ਕਾਰਡ ਹੋਲਡਰ, ਨਸ਼ਿਆ ਤੋਂ ਰਹਿਤ ਲੜਕੇ ਦੀ ਲੋੜ ਹੈ।ਲੜਕੀ ਦੇ ਰਿਸ਼ਤੇਦਾਰ ਕੈਨੇਡਾ ਵਿਚ ਵੈਲ ਸੈਟਲਡ ਹਨ।ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ ਲੜਕੀ ਦੇ ਪਰਿਵਾਰ ਨਾਲ ਕੈਨੇਡਾ 'ਚ 1-780-371-9643 ਜਾਂ ਫਿਰ 1-205-899-4233 ਤੇ ਫੋਨ ਕੀਤਾ ਜਾ ਸਕਦਾ ਹੈ।-1846

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਉਮਰ 39 ਸਾਲ, ਕੱਦ 5'-5", ਨੈਵਰ ਮੈਰਿਡ, ਇੰਜ-ਨੀਅਰ, ਐਮ ਸੀ ਏ, ਐਚ ਸੀ ਏ ਕੈਨੇਡਾ ਤੋਂ ਕਰਕੇ ਵਧੀਆ ਜੌਬ ਕਰ ਰਹੀ ਲੜਕੀ ਲਈ ਕੈਨੇ-ਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ ਵੈਲ ਸੈਟਲਡ, ਵੈਸ਼ਨੂੰ ਲੜਕੇ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲ-ਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ।ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਵਟਸ ਐਪ ਤੇ ਇੰਡੀਆ 'ਚ +91-94642-17472 ਤੇ ਫੋਨ ਕਰ ਸਕਦੇ ਹੋ।-1845

*****************

ਕੈਨੇਡਾ 'ਚ ਵਿਜ਼ਟਰ ਵੀਜ਼ੇ ਤੇ ਆਈ, ਨਾਈ ਸਿੱਖ, 1991 ਬੌਰਨ, ਕੱਦ 5'-4", ਐਮ ਐਸ ਸੀ ਡਿਗਰੀ ਹੋਲਡਰ, ਇੰਡੀਆ ਵਿਚ ਨਰਸਿੰਗ ਦੀ ਵਧੀਆ ਜੌਬ ਕਰਦੀ ਸੋਹਣੀ, ਤਲਾਕਸ਼ੁਦਾ, ਪਰਿਵਾਰਕ ਲੜਕੀ ਲਈ ਕਲੈਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ।ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦਾ ਭਰਾ ਕੈਲਗਰੀ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਕੈਨੇਡਾ 'ਚ 1-587-433-9619 ਜਾਂ ਫਿਰ ਇੰਡੀਆ ਸਿਰਫ ਵਟਸ ਐਪ ਤੇ +91-99148-02764 ਤੇ ਫੋਨ ਕੀਤਾ ਜਾ ਸਕਦਾ ਹੈ।-1845

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਈ ਜੱਟ ਗੁਰਸਿੱਖ ਦਿਉਲ, ਉਮਰ 27 ਸਾਲ, ਕੱਦ 5'-5", ਹੌਸਪਟਿਲਟੀ ਮੈਨੇਜਮੈਂਟ 4 ਸਾਲਾ ਡਿ-ਗਰੀ ਹੋਲਡਰ, ਵਧੀਆ ਜੌਬ ਕਰਦੀ, ਸੋਹਣੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ ਜਾਂ ਪੀ ਆਰ ਪੜ੍ਹੇ ਲਿਖੇ, ਸ਼ੁੱਧ ਵੈਸ਼ਨੂੰ, ਗੁਰਸਿੱਖ ਪਰਿਵਾਰ ਦੇ ਲੜਕੇ ਦੀ ਲੋੜ ਹੈ।ਲੜਕੇ ਕੋਲ ਇੰਡੀਆ'ਚ 20 ਕਿਲ੍ਹੇ ਜਮੀਨ ਹੋਣਾ ਲਾਜ਼ਮੀ ਹੈ ਤੇ ਜੇ ਉਸ ਕੋਲ ਕੈਨੇਡਾ 'ਚ ਪ੍ਰਾਪਰਟੀ ਹੈ ਤਾਂ ਇੰਡੀਆ'ਚ 15 ਕਿਲ੍ਹੇ ਜ਼ਮੀਨ ਤੇ ਵੀ ਵਿਚਾਰ ਕੀਤੀ ਜਾਵੇਗੀ।ਲੜਕੀ ਦਾ ਪਰਿਵਾਰ ਇੰਡੀਆ ਤੇ ਨਾਨਕਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤੇ ਦੀ ਗੱਲ ਅੱਗੇ ਵਧਾਉਣ ਲਈ 1-778-933-8080 ਜਾਂ 1-778-552-0019 ਜਾਂ ਫਿਰ 1-604-615-3600 ਤੇ ਫੋਨ ਕੀਤਾ ਜਾ ਸਕਦਾ ਹੈ। -1844

*****************

ਕੈਨੇਡੀਅਨ ਪੀ ਆਰ, ਜੱਟ ਸਿੱਖ ਗਿੱਲ, ਉਮਰ 40 ਸਾਲ, ਕੱਦ 5'-1", ਇੰਡੀਆ ਤੋਂ ਮਾਸਟਰ ਡਿਗਰੀ ਹੋਲਡਰ, ਕੈਨੇਡਾ ਤੋਂ ਪੀ ਐਸ ਡਬਲਯੂ ਕੋਰਸ ਕਰਕੇ ਇਸ ਸਮੇਂ ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ, ਪਰਿਵਾਰਕ, ਵਿਆਹ ਤੋਂ ਕੁਝ ਸਮਾਂ ਬਾਅਦ ਬੇਕਸੂਰ ਤਲਾਕਸ਼ੁਦਾ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਨ-ਸ਼ਿਆ ਤੋਂ ਰਹਿਤ, ਵੈਲ ਸੈਟਲਡ, 35 ਤੋਂ 40 ਸਾਲ ਦੀ ਉਮਰ ਵਾਲੇ ਲੜਕੇ ਦੀ ਲੋੜ ਹੈ।ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਗਰੇਟਰ ਟਰਾਂਟੋ ਇਲਾਕੇ ਨੂੰ ਪਹਿਲ।ਬਿਨਾਂ

## ਵਰ ਦੀ ਲੋੜ



ਬੱਚੇ ਤੋਂ ਤਲਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ।ਇੰਡੀਆ ਰਹਿੰਦੇ ਲੜਕੇ ਤੇ ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ ਆਪਣੀ ਫੋਟੋ ਤੇ ਬਾਇਓ ਡਾਟਾ ਵਟਸ ਐਪ ਤੇ 437-231-7413 ਜਾਂ 905-965-1985 ਤੇ ਭੇਜ ਕੇ ਗੱਲਬਾਤ ਕਰ ਸਕਦੇ ਹਨ।-1844

*****************

ਕੈਨੇਡਾ ਵਰਕ ਪਰਮਿਟ ਤੇ ਆਈ, ਜੱਟ ਸਿੱਖ ਢਿਲੋਂ, 1990 ਬੌਰਨ, ਕੱਦ 5'-6", ਜੀ ਐਨ ਐਮ ਨਰਸਿੰਗ ਡਿਗਰੀ, ਵਧੀਆ ਜੌਬ ਕਰਦੀ, ਸੋਹਣੀ-ਸੁਨੱਖੀ, ਪਰਿਵਾਰਕ, ਬੇਕਸੂਰ, ਤਲ-ਾਕਸ਼ੁਦਾ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਸ਼ਿਟੀਜਨ/ਪੀ ਆਰ/ਗਰੀਨ ਕਾਰਡ ਹੋਲਡਰ, ਪੜ੍ਹੇ ਲਿਖੇ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਤਲਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ।ਗਰੇਟਰ ਟਰਾਂਟੋ ਇਲਾਕੇ ਨੂੰ ਪਹਿਲ।ਲੜਕੀ ਦੇ ਰਿਸ਼ਤੇਦਾਰ ਕੈਨੇਡਾ ਵਿਚ ਵੈਲ ਸੈਟਲਡ ਹਨ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 647-643-1032 ਜਾਂ ਫਿਰ 437-655-0291 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, 1995 ਬੌਰਨ, ਹਾਈਟ 5'-6", ਸੀ ਪੀ ਏ ਕਰਕੇ ਵਧੀਆ ਕੰਪਨੀ 'ਚ ਜੌਬ ਕਰ ਰਹੀ ਪਰਿਵਾਰਕ, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ 'ਚ ਆ ਕੇ ਪੜ੍ਹੇ ਲਿਖੇ, ਵੈਲ ਸੈਟਲਡ ਪਰਿਵਾਰ ਦੇ ਨਸ਼ਿਆ ਤੋਂ ਰਹਿਤ, ਜੱਟ ਸਿੱਖ ਲੜਕੇ ਦੀ ਲੋੜ ਹੈ।ਵੈਨਕੂਵਰ ਇਲਾਕੇ'ਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਲੜਕੀ ਦਾ ਪਰਿਵਾਰ 35 ਸਾਲ ਤੋਂ ਕੈਨੇਡਾ 'ਚ ਵੈਲ ਸੈਟਲਡ ਹੈ।ਇੰਡੀਆ ਤੋਂ ਲੜਕੇ ਵਾਲੇ ਤੇ ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਵਟਸ ਐਪ 1-778-809-2503 ਜਾਂ 1-778-908-4949 ਤੇ ਬਾਇਓ ਡਾਟਾ ਤੇ ਫੋਟੋ ਭੇਜ ਕੇ ਗੱਲਬਾਤ ਕੀਤੀ ਜਾ ਸਕਦੀ ਹੈ।-1844

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, 26 ਸਾਲਾ, 5'-6" ਲੰਮੇ ਕੱਦ ਵਾਲੀ ਫਾਰਮੇਸੀ ਅਸਿ-ਸਟੈਂਟ, ਵੈਸ਼ਨੂੰ, ਸੋਹਣੀ-ਸੁਨੱਖੀ, ਪਰਿਵਾਰ ਨਾਲ ਰਹਿ ਰਹੀ ਲੜਕੀ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਵੈਲ ਸੈਟਲਡ, ਨਸ਼ਿਆ ਤੋਂ ਰਹਿਤ, ਵੈਸ਼ਨੂੰ ਪਰਿਵਾਰ ਨਾਲ ਸਬੰਧਿਤ ਜੱਟ ਸਿੱਖ ਲੜਕੇ ਦੀ ਲੋੜ ਹੈ।ਲੜਕੀ ਦਾ ਪਰਿਵਾਰ 30 ਸਾਲ ਤੋਂ ਕੈਨੇਡਾ 'ਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਤੇ ਇੰਡੀਆ ਰਹਿੰਦੇ ਲੜਕੇ ਵਾਲੇ ਜਾਂ ਸਟੂਡੈਂਟ ਵੀਜ਼ੇ, ਵਿਜ਼ਟਰ ਵੀਜ਼ੇ ਤੇ ਵਰਕ ਪਰਮਿਟ ਤੇ ਕੰਮ ਕਰ ਰਹੇ ਕਿਰਪਾ ਕਰਕੇ ਫੋਨ ਨਾ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਈ 1-403-472-0468 ਤੇ ਫੋਨ ਕੀਤਾ ਜਾ ਸਕਦਾ ਹੈ। -1844

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਬਰਾੜ, ਮੰਗ-ਲੀਕ, 1993 ਬੌਰਨ, ਹਾਈਟ 5'-4", ਬੀ ਏ, ਹੈਲਥ ਕੇਅਰ ਦੀ ਵਧੀਆ ਗੌਰਮਿੰਟ ਜੌਬ ਕਰਦੀ ਸੋਹਣੀ-ਸੁਨੱਖੀ, ਪਰਿਵਾਰਕ, ਵਿਆਹ ਤੋਂ ਕੁਝ ਸਮਾਂ ਬਾਅਦ ਹੀ ਬੇਕਸੂਰ ਤਲਾਕਸ਼ੁਦਾ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ, ਮੰਗਲੀਕ ਲੜਕੇ ਦੀ ਲੋੜ ਹੈ।ਬ੍ਰਿਟਿਸ਼ ਕੁਲੰਬੀਆ ਸੂਬੇ 'ਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਬਿਨਾਂ ਬੱਚੇ ਤੋਂ ਤਲ-ਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ।ਜੇ ਤੁਸੀ ਆਪਣੇ ਆਪ ਨੂੰ ਇਸ ਰਿਸ਼ਤੇ ਦੇ ਯੋਗ ਸਮਝਦੇ ਹੋ ਤਾਂ ਤੁਸੀਂ ਫੋਟੋ ਤੇ ਬਾਇਓ ਡਾਟਾ ਵਟਸ ਐਪ ਤੇ ਭੇਕਜ ਕੇ ਕੈਨਡਾ 'ਚ 1-672-339-2747 ਤੇ ਜਾਂ ਫਿਰ ਇੰਡੀਆ 'ਚ +91-98555-37404 ਤੇ ਫੋਨ ਕਰ ਸਕਦੇ ਹੋ।-1844

*****************

ਕੈਨੇਡੀਅਨ ਪੀ ਆਰ, ਜੱਟ ਸਿੱਖ ਤੂਰ, ਅੰਮਿ-ਤਧਾਰੀ, 1993 ਬੌਰਨ, ਹਾਈਟ 5'-6", ਦਸਤਾਰਧਾਰੀ, ਸੋਹਣੀ-ਸੁਨੱਖੀ, ਪਰਿਵਾਰਕ, ਇੰਡੀਆ ਤੋਂ ਬੀ ਡੀ ਐਸ, ਕੈਨੇਡਾ ਤੋਂ ਡੈਂਟਲ ਹਾਈਜਨ ਡਿਪਲੋਮਾ ਕਰਕੇ ਆਪਣੇ ਹੀ ਫੀਲਡ ਦੀ ਵਧੀਆ ਜੌਬ ਕਰਦੀ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ ਪੀ ਆਰ, ਪ੍ਰੋਫੈਸ਼ਨਲੀ ਅਪਲਾਇਡ, ਹੈਂਡਸਮ, ਨਸ਼ਿਆ ਤੋਂ ਰਹਿਤ, ਅੰਮ੍ਰਿਤਧਾਰੀ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਲੜਕੀ ਦਾ ਸਾਰਾ ਪਰਿਵਾਰ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤੇ 'ਚ ਦਿਲਚਸਪੀ ਰੱਖਣ ਵਾਲੇ 647-286-1694 ਤੇ ਫੋਨ ਕਰ ਸਕਦੇ ਹਨ।-1843

*****************

## ਵਰ ਦੀ ਲੋੜ



ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 29 ਸਾਲ, ਕੱਦ 5'-4", ਬੀ ਏ ਬੀ ਐਡ ਡਿ-ਗਰੀ ਹੋਲਡਰ, ਹਾਈ ਸਕੂਲ ਟੀਚਰ ਦੀ ਵਧੀਆ ਗੌਰਮਿੰਟ ਜੌਬ ਕਰਦੀ, ਸੋਹਣੀ, ਪਰਿਵਾਰਕ ਲੜਕੀ ਲਈ ਕੈਨੇਡਾ/ਅਮਰੀਕਾ ਦੀ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਪ੍ਰੋਫੈਸ਼ਨਲੀ ਅਤੇ ਇਪਲਾਇਡ ਮਿਹਨਤੀ, ਇਮਾਨਦਾਰ, ਨਸ਼ਿਆ ਤੋਂ ਰਹਿਤ ਲੜਕੇ ਦੀ ਲੋੜ ਹੈ।ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ 416-302-2983 ਤੇ ਫੋਨ ਕਰ ਸਕਦੇ ਹਨ।-1843

*****************

**Canadian Jat Sikh parents well settled in BC, seek a suitable match for their daughter, Canadian born & raised, Doctor, 40 yrs. old, 5'-4" tall, beautiful, never married, practicing in family medicine in BC. Boy should be born & raised in Canada, professionally qualified & employed, never married, preferably living or willing to move to BC. Marriage bureau please excuse. Please contact with biodata & recent pictures: 1-604-807-1239 -1843**

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਉਮਰ 33 ਸਾਲ, ਕੱਦ 5'-7", ਫਾਰਮੇਸੀ ਟੈਕਨੀਸ਼ਨ ਡਿਗਰੀ ਹੋਲਡਰ, ਹਸਪਤਾਲ ਵਿਚ ਵਧੀਆ ਜੌਬ ਕਰਦੀ, ਸੋਹਣੀ ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਲੁਧਿਆਣਾ, ਪਟਿਆਲਾ ਤੇ ਫਤਹਿ-ਗੜ੍ਹ ਸਾਹਿਬ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਸਬੰਧੀ ਗੱਲ ਅੱਗੇ ਤੋਰਨ ਲਈ ਸੰਪਰਕ ਕਰੋ: 647-713-6413 -1843

*****************

ਕੈਨੇਡਾ ਵਿਚ ਵਰਕ ਪਰਮਿਟ ਤੇ ਕੰਮ ਕਰ ਰਹੀ, ਰਾ-ਮਗੜ੍ਹੀਆ ਸਿੱਖ, 1992 ਬੌਰਨ, ਹਾਈਟ 5'-3", ਬੀ ਐਸ ਸੀ, ਆਈ ਟੀ ਡਿਗਰੀ ਹੋਲਡਰ ਵਧੀਆ ਜੌਬ ਕਰਦੀ, ਸੋਹਣੀ, ਪਰਿਵਾਰਕ, ਤਲਾਕਸ਼ੁਦਾ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ, ਸ਼ਿਟੀ-ਜਨ/ਪੀ ਆਰ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ, ਰਾਮਗੜ੍ਹੀਆ ਜਾਂ ਜੱਟ ਪਰਿਵਾਰ ਦੇ ਲੜਕੇ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤੇ ਸਬੰਧੀ ਵਧੇਰੇ ਪੁੱਛਗਿੱਛ ਲਈ ਕੈਨੇ-ਡਾ 'ਚ 1-226-750-1046 ਜਾਂ +91-94178-37931 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

ਅਮਰੀਕਨ ਸ਼ਿਟੀਜਨ, ਜੱਟ ਸਿੱਖ ਧਾਲੀਵਾਲ, ਅਗਸਤ 1995 ਬੌਰਨ, ਕੱਦ 5'-7", ਪੜ੍ਹੀ ਲਿਖੀ, ਵੈਸ਼ਨੂੰ, ਇਸ ਸਮੇਂ ਮੈਡੀਕਲ ਫੀਲਡ ਦੀ ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ ਪਰਿਵਾਰਕ ਲੜਕੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਜੱਟ ਸਿੱਖ, ਸ਼ਿਟੀਜਨ, ਪੀ ਆਰ, ਗਰੀਨ ਕਾਰਡ ਹੋਲਡਰ, ਪ੍ਰੋਫੈਸ਼ਨਲੀ ਕੁਆਲੀਫਾਈਡ, ਵੈਸ਼ਨੂੰ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਅਮਰੀਕਾ ਦੇ ਸ਼ਿਆਟਲ ਸ਼ਹਿਰ 'ਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਲੜਕੀ ਦਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ।ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 1-253-881-9863 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 25 ਸਾਲ, ਕੱਦ 5'-2", ਆਰਕੀਟੈਕਟ, ਵੱਡੀ ਆਰਕੀਟੈਕਚਰ ਕੰਪਨੀ ਵਿੱਚ ਵਧੀਆ ਜੌਬ ਕਰਦੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਜੰਮਪਲ ਜਾਂ ਛੋਟੇ ਹੁੰਦੇ ਆਏ ਜੱਟ ਸਿੱਖ, ਪੜ੍ਹੇ ਲਿਖੇ, ਨਸ਼ਿਆਂ ਤੋਂ ਰਹਿਤ, 26-29 ਸਾਲ ਉਮਰ ਵਾਲੇ ਲੜਕੇ ਦੀ ਲੋੜ ਹੈ।ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਲੋਅਰ ਮੇਨਲੈਂਡ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ।ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਏ ਲੜਕੇ ਅਤੇ ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ ਕੈਨੇਡਾ 'ਚ 1-604-819-0111 ਤੇ ਫੋਨ ਕਰ ਸਕਦੇ ਹੋ।-1842

*****************

ਕੈਨੇਡਾ 'ਚ ਵਿਜ਼ਟਰ ਵੀਜ਼ੇ ਤੇ ਰਹਿ ਰਹੀ, ਜੱਟ ਸਿੱਖ ਢਿਲੋਂ, ਦਸੰਬਰ 1994 ਦੀ ਬੋਰਨ, ਕੱਦ 5'-9", ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਵੈਸ਼ਨੂੰ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਜੇਕਰ ਕਿਸੇ ਪਰਿਵਾਰ ਵਿਚ ਦੋ ਲੜਕੇ ਹੋਣ ਉਹ ਵੀ ਸੰਪਰਕ ਕਰ ਸਕਦੇ ਹਨ ਲੜਕੀ ਦੀ ਇਕ ਭੈਣ ਇੰਡੀਆ ਵਿਚ ਰਹਿ ਰਹੀ ਹੈ। ਸਿਰਫ ਕੈਨੇਡਾ ਵਿਚ ਰਹਿੰਦੇ ਹੀ ਫੋਨ ਕਰਨ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਰਿਸ਼ਤੇ ਸਬੰਧੀ ਗੱਲਬਾਤ ਅੱਗੇ ਵਧਾਉਣ ਲਈ 437-235-1796 ਤੇ ਫੋਨ ਕਰ ਸਕਦੇ ਹਨ।-1850

*****************

# NAME CHANGE

I, GURJIT SINGH DHALIWAL, S/O. CHAMKAUR SINGH, PREVIOUSLY RESIDENT OF 677, CIVIL LINES, MOGA, PUNJAB, INDIA, CURRENTLY RESIDING AT 3139, 25 AVENUE NW, EDMONTON, ALBERTA, T6T0C8, CANADA HAVE CHANGED MY NAME FROM GURJIT SINGH DHALIWAL TO GURJIT SINGH BRAR. ALL CONCERNED MAY MAKE A NOTE PLEASE.